
ਹੰਸਤੀ ਦੁਨੀਆ
₹15/-
Hansti Duniya (Punjabi)
Vol. 42 No. 03
March 2018

# ਹੰਸਤੀ ਦੁਨੀਆ

Vol. 42 ● ਅੰਕ : 03 ● ਮਾਰਚ 2018 ● Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

C.L. Gulati,
Member Incharge Magazine

Printer & Publisher Radhey Shyam, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Chief Editor :*
*Harjeet Nishad*

*Editor (Honorary)*
Sulekh Singh 'Sathi'

Email: editorial@nirankari.org

Ph.: 011-47660200
Fax: 011-27608215
Website: http//www.nirankari.org
kids.nirankari.org



## Subscription Value


| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

Other Countries
Equivalent to U.S. Dollars as mentioned above.








## ਸਤੰਭ


| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇਡਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |


## ਚਿੱਤਰਕਥਾਵਾਂ


| | |
|---|---|
| ਕਿੱਟੀ | 20 |
| ਦਾਦਾ ਜੀ | 46 |




















## ਕਹਾਣੀਆਂ


ਈਰਖਾਲੂ ਲੂੰਬੜ
– ਰਾਜਕੁਮਾਰ ਜੈਨ 6
ਝਟਕੂ ਦਾ ਘਮੰਡ
– ਕਮਲ ਸੋਗਾਣੀ 12
ਪਛਤਾਵੇ ਦੇ ਹੰਝੂ
– ਸੁਰਿੰਦਰ ਸਿੰਘ 28
ਅਨੋਖੀ ਸਜ਼ਾ
– ਰਾਧੇਲਾਲ ਨਵਚੱਕਰ 30
ਚਲਾਕੀ ਅਤੇ ਕਿਸਮਤ
– ਕਿਸ਼ੋਰ ਡੈਨੀਅਲ 35
ਮਿਹਨਤ ਦਾ ਫਲ
– ਅਮਨਪ੍ਰੀਤ ਸਿੰਘ 40
ਮਾਂ ਹੁੰਦੀ ਏ ਮਾਂ
– ਬਲਵਿੰਦਰ ਬਾਲਮ 43


## ਗੀਤ-ਕਵਿਤਾਵਾਂ


ਗੁਰਬਾਣੀ ਦਾ ਮੁੱਲ ਪਾਈਏ
– ਸਾਜਨ ਸਚਦੇਵਾ 5
ਅੰਬ
– ਭੁਪਿੰਦਰ ਆਸ਼ਟ 09
ਫੁੱਲ ਬੜੇ ਪਿਆਰੇ ਹੁੰਦੇ ਨੇ
– ਮਹਿੰਦਰ ਜੈਨ 11
ਆ ਗਏ ਪੱਕੇ ਪੇਪਰ
– ਭੀਮ ਸੈਨ ਸਿਹਾਲ 18
ਸ਼ੇਰ ਅਤੇ ਬਾਂਦਰ
– ਕੁਲਦੀਪ 24
ਹੋਲੀ ਦੀ ਧਮਾਲ
– ਮਦਨ ਰਾਣਾ 32
ਸੂਰਜ ਦੀ ਸਿੱਖਿਆ
– ਕਮਲ ਚੌਹਾਨ 34
ਭੁਕਾਨੇ ਵਿਕਣੇਂ ਆਏ
– ਬਲਵਿੰਦਰ 36
ਔਰਤ
– ਜਗਤਾਰ ਚਮਨ 39


## ਵਿਸ਼ੇਸ਼ ਲੇਖ


ਹਿੰਮਤ ਨਾ ਹਾਰੀ
– ਈਲੂ ਰਾਣੀ 08
ਕੀ ਹੁੰਦਾ ਹੈ ਸਪੇਸ ਸੂਟ
– ਵਿਦਿਆ ਪ੍ਰਕਾਸ਼ 14
ਬਨਾਰਸ ਜਿਥੇ ਤੁਲਸੀਦਾਸ ਨੇ...
– ਸਮੀਰ ਚੌਧਰੀ 26
ਕੀ ਹੁੰਦਾ ਹੈ ਕਾਰਬਨ-ਸਾਈਕਲ
– ਅਸ਼ੋਕ ਭਾਰਦਵਾਜ 29
ਕੀ ਕੱਛੂਕੁੰਮਿਆਂ ਦੀ ਜਾਨ ...
– ਡਾ. ਗੁਰਮੀਤ ਸਿੰਘ 33

# ਸਮੇਂ ਦੀ ਸੰਭਾਲ

ਪਆਰੇ ਬੱਚਿਓ ! ਸਮਾਂ ਬਹੁਤ ਅਨਮੋਲ ਹੈ। ਇਨਸਾਨੀ ਜ਼ਿੰਦਗੀ ਵਿਚ ਇਸ ਦਾ ਬਹੁਤ ਮਹੱਤਵ ਹੈ। ਹਾਂ, ਸਮਾਂ ਅਪਣੀ ਚਾਲ ਨਾਲ ਚਲਦਾ ਰਹਿੰਦਾ ਹੈ। ਇਹ ਕਿਸੇ ਦੇ ਰੋਕਿਆ ਰੁਕਦਾ ਨਹੀਂ ਅਤੇ ਕਿਸੇ ਦੇ ਕਹਿਣ ਨਾਲ ਤੇਜ਼ ਨਹੀ ਚਲਦਾ। ਜੋ ਸਮੇਂ ਦੀ ਚਾਲ ਨਾਲ ਚਲਦਾ ਹੈ ਉਹ ਜੀਵਨ ਵਿਚ ਸਫਲਤਾਵਾਂ ਹਾਸਿਲ ਕਰ ਲੈਂਦਾ ਹੈ ਅਤੇ ਜੋ ਇਸ ਦੀ ਚਾਲ ਦੇ ਉਲਟ ਚਲਦਾ ਹੈ ਜਾਂ ਨਾਲ ਨਹੀ ਚਲਦਾ, ਉਸ ਨੂੰ ਪਛਤਾਉਣਾ ਪੈਂਦਾ ਹੈ। ਕਵੀ ਅਲਮਸਤ ਜੀ ਦੇ ਅਨੁਸਾਰ - ਸਮੇਂ ਨੇ ਇਸ ਰਾਜ ਨੂੰ ਹੈ ਆਪ ਮੂੰਹੋ ਖੋਲਿਆ।

ਮੈਨੂੰ ਹੈ ਜਿਸਨੇ ਰੋਲਿਆ ਮੈ ਵੀ ਹੈ ਉਸ ਨੂੰ ਰੋਲਿਆ। ਭਾਵ ਜੀਵਨ ਵਿਚ ਸਮੇਂ ਦੀ ਸੰਭਾਲ ਬਹੁਤ ਜ਼ਰੂਰੀ ਹੈ।

ਪਿਆਰੇ ਬੱਚਿਓ ! ਮਾਰਚ ਮਹੀਨੇ ਦਾ ਸਮਾਂ ਪਰੀਖਿਆਵਾਂ ਦਾ ਸਮਾਂ ਹੈ। ਪੂਰੇ ਸਾਲ ਕੀਤੀ ਗਈ ਮਿਹਨਤ ਦੇ ਨਤੀਜੇ ਦਾ ਸਮਾਂ ਹੈ। ਇਸ ਲਈ ਇਸ ਸਮੇਂ ਨੂੰ ਸਿਰਫ ਅਤੇ ਸਿਰਫ ਅਪਣੀ ਪੜ੍ਹਾਈ ਵਲ ਲਗਾਉਣਾ ਹੈ। ਜੇਕਰ ਪੂਰੀ ਤਰ੍ਹਾਂ ਅਪਣੇ ਸਬਜੈਕਟਸ ਪੜ੍ਹ ਲਏ ਹਨ ਤਾਂ ਉਨ੍ਹਾਂ ਦਾ ਰਿਵੀਜਨ ਕਰਨ ਦਾ ਸਮਾਂ ਹੈ।

ਹਾਂ, ਇਕ ਗਲ ਹੋਰ ! ਪਰੀਖਿਆਵਾਂ ਤੋਂ ਘਬਰਾਉਣ ਦੀ ਲੋੜ ਨਹੀਂ ਹੁੰਦੀ ਬਲਕਿ ਸੰਜੀਦਗੀ ਦੀ ਲੋੜ ਹੁੰਦੀ ਹੈ। ਪਰੀਖਿਆ ਹਾਲ ਵਿਚ ਬੈਠ ਕੇ ਸਭ ਤੋਂ ਪਹਿਲਾਂ ਇਕ ਦੋ ਮਿਨਟ ਪ੍ਰਭੂ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਤਾਕਿ ਮਨ ਨੂੰ ਇਕਾਗਰਤਾ ਪ੍ਰਾਪਤ ਹੋਵੇ। ਪ੍ਰਸ਼ਨ ਪੱਤਰ ਸਾਹਮਣੇ ਆਉਣ ਤੇ ਸਭ ਤੋਂਜਪਹਿਲਾਂ ਉਸ ਨੂੰ ਧਿਆਨ ਨਾਲ ਪੜ੍ਹ ਕੇ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੁੰਦੀ ਹੈ। ਫਿਰ ਜਿਹੜੇ ਪ੍ਰਸ਼ਨ ਦਾ ਸਾਨੂੰ ਚੰਗੀ ਤਰ੍ਹਾਂ ਉੱਤਰ ਆਉਂਦਾ ਹੈ ਉਹ ਲਿਖਣਾ ਚਾਹੀਦਾ ਹੈ ਅਤੇ ਉਸ ਤੋਂ ਬਾਅਦ ਉਸੀ ਅਨੁਸਾਰ ਸੁਆਲਾਂ ਦੇ ਜੁਆਬ ਲਿਖਣੇ ਚਾਹੀਦੇ ਹਨ।

ਬਚਿਓ ! ਪਰੀਖਿਆ ਦਾ ਸਮਾਂ ਵੀ ਨਿਰਧਾਰਤ ਹੁੰਦਾ ਹੈ। ਉਸੀ ਸਮੇਂ ਦੇ ਅੰਦਰ ਹੀ ਅਸੀਂ ਸਾਰੇ ਪ੍ਰਸ਼ਨਾਂ ਦੇ ਉਤਰ ਲਿਖਣੇ ਹੁੰਦੇ ਹਨ, ਇਸ ਗੱਲ ਦਾ ਵੀ ਧਿਆਨ ਰਖਣਾ ਜ਼ਰੂਰੀ ਹੈ ਤਾਕਿ ਅਜਿਹਾ ਨਾ ਹੋਵੇ ਕਿ ਕੁਝ ਸੁਆਲਾਂ ਦੇ ਉਤਰ ਦੇਣ ਵਿਚ ਐਨਾ ਸਮਾਂ ਲਗਾ ਦੇਈਏ ਕਿ ਬਾਕੀ ਪ੍ਰਸ਼ਨਾਂ ਦਾ ਉਤਰ ਲਿਖਣ ਲਈ ਸਮਾਂ ਹੀ ਨਾ ਬਚੇ।

ਸੋ ਬਚਿਓ ! ਇਨ੍ਹਾਂ ਗੱਲਾਂ ਦਾ ਧਿਆਨ ਰਖ ਕੇ ਤੁਸੀਂ ਸਮੇਂ ਦੀ ਪੂਰੀ ਸੰਭਾਲ ਕਰ ਸਕਦੇ ਹੋ ਅਤੇ ਸਫਲਤਾ ਹਾਸਿਲ ਕਰ ਸਕਦੇ ਹੋ।

ਸੁਲੇਖ 'ਸਾਥੀ'
ssathi_2007@yahoo.com





ਕਵਿਤਾ - ਸਾਜਨ ਸਚਦੇਵਾ



# ਕੁਰਬਾਨੀ ਦਾ ਮੁੱਲ ਪਾਈਏ



ਆਓ ਦੇਸ਼ ਭਗਤਾਂ ਦੀ,
ਕੁਰਬਾਨੀ ਦਾ ਮੁੱਲ ਪਾਈਏ।
ਸਭ ਕੁਝ ਗਵਾਇਆ ਸਾਡੇ ਲਈ,
ਉਹਨਾਂ ਨੂੰ ਨਾ ਮਨੋਂ ਭੁਲਾਈਏ।

ਆਪਣੇ ਸੀਨੇ ਤੇ ਸਹਿ ਕੇ ਗੋਲੀ,
ਦੇਸ਼ ਭਗਤੀ ਦੇ ਢੰਗ ਦੱਸੇ।
ਰਾਜਗੁਰੂ, ਸੁਖਦੇਵ, ਭਗਤ ਸਿੰਘ,
ਫਾਂਸੀ ਚੜਦੇ ਹੋਏ ਵੀ ਹੱਸੇ।

ਦੋ ਸੌ ਸਾਲ ਦੀ ਗੁਲਾਮੀ ਮਗਰੋਂ,
ਅੱਜ ਅਸੀਂ ਅਜ਼ਾਦ ਹੋਏ ਹਾਂ।
ਦੇਸ਼ ਭਗਤਾਂ ਸਾਨੂੰ ਦਿਵਾਈ ਅਜ਼ਾਦੀ,
ਤਾਂ ਅਸੀਂ ਅਬਾਦ ਹੋਏ ਹਾਂ।

ਹਿੰਦੂ, ਮੁਸਲਿਮ, ਸਿੱਖ, ਈਸਾਈ,
ਅਸੀਂ ਸਾਰੇ ਹਾਂ ਇਕ ਹੀ ਜਾਨ।
ਰੌਸ਼ਨ ਕਰੀਏ ਦੇਸ਼ ਦਾ ਨਾਮ,
ਪੜ੍ਹ ਲਿਖ ਕੇ ਅਸੀਂ ਬਣੀਏ ਮਹਾਨ।

❑ ਰਾਜਕੁਮਾਰ ਜੈਨ

# ਈਰਖਾਲੂ ਲੂੰਬੜ

ਨਦੀ ਕਿਨਾਰੇ ਦਾ ਨੰਦਨਵਨ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਹਰ ਹਿੱਸੇ ਵਿਚ ਵੱਖ-ਵੱਖ ਤਰ੍ਹਾਂ ਦੇ ਜਾਨਵਰਾਂ ਦੀ ਬਸਤੀ ਸੀ। ਜੰਗਲ ਦੇ ਵਿਚਕਾਰ ਹੀ ਜੰਗਲ ਸਕੂਲ ਸੀ ਜਿੱਥੇ ਸਭ ਜਾਨਵਰਾਂ ਦੇ ਬੱਚੇ ਪੜ੍ਹਨ ਲਈ ਆਉਂਦੇ ਸਨ।

ਗਭਰੂ ਲੂੰਬੜ, ਚੀਕੂ ਖਰਗੋਸ਼, ਰੋਮੀ ਬਾਂਦਰੀ, ਜੀਤੂ ਜਿਰਾਫ, ਕਾਲੂ ਭਾਲੂ , ਜੰਬੂ ਹਾਥੀ ਅਤੇ ਕਾਲੀ ਬੱਕਰੀ ਸਭ ਅਠਵੀਂ ਜਮਾਤ ਵਿਚ ਪੜ੍ਹਦੇ ਸਨ। ਜੀਤੂ ਜਿਰਾਫ ਅਤੇ ਜੰਬੂ ਹਾਥੀ ਵਿਚ ਗਹਿਰੀ ਦੋਸਤੀ ਸੀ। ਗਭਰੂ ਲੂੰਬੜ ਪਿਛਲੇ ਸਾਲ ਅਠਵੀਂ ਦਾ ਹੀ ਵਿਦਿਆਰਥੀ ਸੀ। ਉਹ ਫੇਲ ਹੋ ਗਿਆ ਸੀ।

ਜੀਤੂ ਜਿਰਾਫ ਅਤੇ ਜੰਬੂ ਹਾਥੀ ਦੀ ਦੋਸਤੀ ਤੋਂ ਗਭਰੂ ਲੂੰਬੜ ਬਹੁਤ ਚਿੜਦਾ ਸੀ। ਉਹ ਹਮੇਸ਼ਾ ਦੋਹਾਂ ਦੀ ਲੜਾਈ ਕਰਾਉਣ ਦੀ ਕੋਸ਼ਿਸ਼ ਵਿਚ ਲੱਗਿਆ ਰਹਿੰਦਾ ਸੀ।

ਇਕ ਦਿਨ ਅੱਧੀ ਛੁੱਟੀ ਦੇ ਸਮੇਂ ਗਭਰੂ ਨੂੰ ਮੌਕਾ ਮਿਲ ਹੀ ਗਿਆ। ਜੀਤੂ ਜਿਰਾਫ ਦੀ ਗਣਿਤ ਦੀ ਪੁਸਤਕ ਗਭਰੂ ਲੂੰਬੜ ਨੇ ਜੰਬੂ ਹਾਥੀ ਦੇ ਬੈਗ ਵਿਚ ਰੱਖ ਦਿੱਤੀ। ਜੀਤੂ ਅਤੇ ਜੰਬੂ ਨੂੰ ਇਸ ਦੀ ਖਬਰ ਨਾ ਹੋਈ। ਇਹ ਹਰਕਤ ਕਰਦੇ ਹੋਏ ਗਭਰੂ ਲੂੰਬੜ ਨੂੰ ਰੋਮੀ ਬਾਂਦਰੀ ਅਤੇ ਕਾਲੀ ਬੱਕਰੀ ਨੇ ਵੇਖ ਲਿਆ। ਮਗਰ ਦੋਵੇਂ ਚੁੱਪ ਰਹੀਆਂ।

ਅਗਲੇ ਦਿਨ ਜੰਬੂ ਸਕੂਲ ਨਹੀਂ ਆਇਆ ਸੀ। ਉਸ ਦੇ ਪਿਤਾ ਜੀ ਦੀ ਤਬੀਅਤ ਅਚਾਨਕ ਖਰਾਬ ਹੋ ਗਈ ਸੀ। ਉਹ ਪਿਤਾ ਜੀ ਨੂੰ ਜੰਗਲ ਦੇ ਪ੍ਰਸਿੱਧ ਡਾਕਟਰ ਗੇਂਡਾਮਲ ਦੇ ਹਸਪਤਾਲ ਵਿਚ ਦਿਖਾਉਣ ਲਈ ਲੈ ਗਿਆ ਸੀ।

ਜੀਤੂ ਜਿਰਾਫ ਨੇ ਸਕੂਲ ਆਉਂਦੇ ਹੀ ਆਪਣੀ ਪੁਸਤਕ ਲੱਭਣੀ ਸ਼ੁਰੂ ਕਰ ਦਿੱਤੀ। ਉਹ ਬੇਹੱਦ ਪਰੇਸ਼ਾਨ ਹੋ ਰਿਹਾ ਸੀ। ਗਭਰੂ ਲੂੰਬੜ ਮਨ ਹੀ ਮਨ ਖੁਸ਼ ਹੋ ਰਿਹਾ ਸੀ ਅਤੇ ਉਸ ਦੀ ਮਨ ਦੀ ਦਸ਼ਾ ਨੂੰ ਪਰਖ ਰਿਹਾ ਸੀ। ਉਹ ਹੌਲੀ ਜਿਹੀ ਜੀਤੂ ਦੇ ਕੰਨ ਵਿਚ ਬੋਲਿਆ – ਜੀਤੂ ਮੈਂ ਜਾਣਦਾ ਹਾਂ ਤੇਰੀ ਪੁਸਤਕ ਕਿਸ ਦੇ ਕੋਲ ਹੈ?

ਕਿਸ ਦੇ ਕੋਲ ਹੈ? ਗਭਰੂ ਪਲੀਜ਼ ਦੱਸ, ਮੈਂ ਸਰ ਨੂੰ ਕਹਿ ਕੇ ਅੱਜ ਉਸ ਦੀ ਉਹ ਮੁਰੰਮਤ ਕਰਵਾ ਦਿਆਂਗਾ ਕਿ ਉਹ ਯਾਦ ਰਖੇਗਾ - ਜੀਤੂ ਗੁੱਸੇ ਨਾਲ ਕਹਿਣ ਲੱਗਾ।

ਜੰਬੂ ਹਾਥੀ ਕੋਲ – ਗਭਰੂ ਲੂੰਬੜ ਨੇ ਕਿਹਾ।

ਕੀ ? ਜੰਬੂ ਦੇ ਕੋਲ ਲੇਕਿਨ ਉਹ ਇਸ ਤਰ੍ਹਾਂ ਨਹੀ ਕਰ ਸਕਦਾ।

ਮੈਂ ਉਸ ਨੂੰ ਆਪਣੀਆਂ ਅੱਖਾਂ ਨਾਲ ਤੇਰੀ ਪੁਸਤਕ ਚੁਰਾਉਂਦੇ ਹੋਏ ਵੇਖਿਆ ਹੈ। ਇਸ ਲਈ ਉਹ ਅੱਜ ਸਕੂਲ ਨਹੀਂ ਆਇਆ – ਗਭਰੂ ਲੂੰਬੜ ਜੀਤੂ ਨੂੰ ਭੜਕਾਉਂਦਾ ਹੋਇਆ ਕਹਿਣ ਲੱਗਾ।

ਦੂਜੇ ਦਿਨ ਜੰਬੂ ਹਾਥੀ ਜਿਵੇਂ ਹੀ ਸਕੂਲ ਆਇਆ ਜੀਤੂ ਉਸ ਨੂੰ ਖਰੀ-ਖੋਟੀ ਸੁਣਾਉਣ ਲੱਗਾ। ਜੰਬੂ, ਮੈਂ ਨਹੀਂ ਜਾਣਦਾ ਸੀ ਕਿ ਤੂੰ ਚੋਰ ਵੀ ਹੈ। ਤੂੰ ਸਾਡੀ ਦੋਸਤੀ ਤੇ ਦਾਗ ਲਗਾਇਆ ਹੈ। ਅੱਜ ਤੋਂ ਮੇਰਾ ਤੇਰਾ ਰਸਤਾ ਇਕਦਮ ਵੱਖਰਾ ਹੈ। ਮੈਂ ਚੋਰਾਂ ਨਾਲ ਦੋਸਤੀ ਨਹੀਂ ਕਰਦਾ। ਲੇਕਿਨ ਜੀਤੂ, ਮੇਰੀ ਗੱਲ ਤਾਂ ਸੁਣ, ਮੈਂ ਚੋਰ ਨਹੀਂ ਹਾਂ। ਮੇਰੇ ਪਿਤਾ ਜੀ ਦੀ ਤਬੀਅਤ ਠੀਕ ਨਹੀਂ ਸੀ ਇਸ ਲਈ ...!

ਤੂੰ ਝੂਠ ਬੋਲ ਰਿਹਾ ਹੈ, ਤੂੰ ਚੋਰ ਹੈ - ਕਹਿੰਦੇ ਹੋਏ ਜੀਤੂ ਜਿਰਾਫ ਨੇ ਜੰਬੂ ਨੂੰ ਇਕ ਮੁੱਕਾ ਮਾਰ





ਦਿੱਤਾ। ਗਭਰੂ ਲੂੰਬੜ ਮਨ ਹੀ ਮਨ ਖੁਸ਼ ਹੋ ਰਿਹਾ ਸੀ। ਤਦ ਹੀ ਗੁਰੂ ਜੀ ਭੋਲੂ ਬਾਂਦਰ ਨੇ ਜਮਾਤ ਵਿਚ ਪ੍ਰਵੇਸ਼ ਕੀਤਾ, ਉਹਨਾਂ ਨੇ ਪੂਰੀ ਗੱਲ ਪੁੱਛੀ। ਗਭਰੂ ਨੇ ਦੱਸਿਆ ਕਿ ਉਸ ਨੇ ਜੰਬੂ ਨੂੰ ਆਪ ਪੁਸਤਕ ਚੋਰੀ ਕਰਦੇ ਹੋਏ ਵੇਖਿਆ ਹੈ।

ਅਜੇ ਜੀਤੂ ਜਿਰਾਫ ਅਤੇ ਜੰਬੂ ਹਾਥੀ ਦੀ ਲੜਾਈ ਚਲ ਰਹੀ ਸੀ ਕਿ ਰੋਮੀ ਬਾਂਦਰੀ ਜ਼ੋਰ-ਜ਼ੋਰ ਦੀ ਚੀਖਣ ਲੱਗੀ – ਹਾਏ ਰਾਮ ! ਮੇਰੀ ਅੰਗਰੇਜ਼ੀ ਅਤੇ ਭੂਗੋਲ ਦੀ ਪੁਸਤਕ ਕਿਸੇ ਨੇ ਚੋਰੀ ਕਰ ਲਈ।

ਮੈਂ ਦੱਸਦੀ ਹਾਂ.. ਕਾਲੀ ਬੱਕਰੀ ਨੇ ਕਿਹਾ, ਤੇਰੀ ਪੁਸਤਕ ਗਭਰੂ ਲੂੰਬੜ ਨੇ ਚੋਰੀ ਕੀਤੀ ਹੈ।

ਮੈਂ ਕਿਸੇ ਦੀ ਪੁਸਤਕ ਨਹੀਂ ਚੁਰਾਈ। ਮੇਰਾ ਬੈਗ ਤੁਸੀ ਵੇਖ ਸਕਦੇ ਹੋ ਸਰ ! ਕਹਿੰਦੇ ਹੋਏ ਜਿਵੇਂ ਹੀ ਗਭਰੂ ਨੇ ਬੈਗ ਪਲਟਿਆ, ਦੋਵੇਂ ਪੁਸਤਕਾਂ ਵੀ ਬਾਕੀ ਪੁਸਤਕਾਂ ਨਾਲ ਬਾਹਰ ਆ ਗਈਆਂ। ਗਭਰੂ ਲੂੰਬੜ ਦੀ ਹਾਲਤ ਵੇਖਣ ਵਾਲੀ ਸੀ।

ਨਹੀ ਸਰ ! ਮੈਂ ਰੋਮੀ ਬਾਂਦਰੀ ਦੀ ਪੁਸਤਕ ਨਹੀ ਚੁਰਾਈ। ਕਿਸੇ ਨੇ ਮੇਰੇ ਬੈਗ ਵਿਚ ਰੱਖ ਦਿੱਤੀ ਹੋਵੇਗੀ।

ਨਹੀਂ ਸਰ ! ਮੈਂ ਵੇਖਿਆ ਹੈ ਗਭਰੂ ਨੂੰ ਪੁਸਤਕਾਂ ਚੁਰਾਂਦੇ ਹੋਏ।– ਕਾਲੀ ਬੱਕਰੀ ਕਹਿਣ ਲੱਗੀ।

ਕਾਲੀ ਝੂਠ ਬੋਲ ਰਹੀ ਹੈ ਮੈਂ ਚੋਰ ਨਹੀਂ ਹਾਂ – ਗਭਰੂ ਰੋਂਦੇ ਹੋਏ ਕਹਿਣ ਲੱਗਾ।

ਗੁਰੂ ਜੀ ਨੇ ਗੁੱਸੇ ਵਿਚ ਕਿਹਾ – ਗਭਰੂ ਜੇਕਰ ਤੂੰ ਚੋਰ ਨਹੀਂ ਹੈ ਤਾਂ ਜੰਬੂ ਚੋਰ ਕਿਵੇਂ ਹੋ ਗਿਆ? ਉਸ ਦੇ ਬੈਗ ਵਿਚ ਤੂੰ ਹੀ ਜੀਤੂ ਦੀ ਗਣਿਤ ਦੀ ਪੁਸਤਕ ਰੱਖੀ ਸੀ।''

ਪੋਲ ਖੁੱਲ ਜਾਣ ਦੇ ਡਰ ਨਾਲ ਗਭਰੂ ਥਰ-ਥਰ ਕੰਬਣ ਲੱਗਾ।

ਰੋਮੀ ਬਾਂਦਰੀ ਅਤੇ ਕਾਲੀ ਬੱਕਰੀ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਗਭਰੂ ਨੇ ਜੰਬੂ ਦੇ ਬੈਗ ਵਿਚ ਜੀਤੂ ਦੀ ਕਿਤਾਬ ਰੱਖ ਦਿੱਤੀ ਹੈ ਕਿਉਂਕਿ ਜੰਬੂ ਅਤੇ ਜੀਤੂ ਦੀ ਦੋਸਤੀ ਤੋਂ ਤੂੰ ਈਰਖਾ ਕਰਦਾ ਹੈ। ਤੈਨੂੰ ਸਬਕ ਸਿਖਾਉਣ ਲਈ ਮੈਂ ਇਹ ਚਾਲ ਚਲੀ।

ਸਰ ! ਮੈਨੂੰ ਮਾਫ ਕਰ ਦਿਉ।

ਹਰਗਿਜ਼ ਨਹੀਂ ਤੂੰ ਮਾਫੀ ਦੇ ਕਾਬਿਲ ਨਹੀ ਹੈ। ਤੂੰ ਜੀਤੂ ਅਤੇ ਜੰਬੂ ਤੋਂ ਮਾਫੀ ਮੰਗ। ਇਸ ਲਈ ਇਕ ਦਿਨ ਲਈ ਤੈਨੂੰ ਜਮਾਤ ਤੋਂ ਕੱਢਿਆ ਜਾਂਦਾ ਹੈ'' – ਗੁਰੂ ਜੀ ਨੇ ਕਿਹਾ।

ਗਭਰੂ ਰੋ ਪਿਆ। ਰੋਂਦੇ-ਰੋਂਦੇ ਹੀ ਉਸ ਨੇ ਦੋਹਾਂ ਤੋਂ ਮਾਫੀ ਮੰਗੀ। ਫਿਰ ਉਹ ਜਮਾਤ ਤੋਂ ਬਾਹਰ ਨਿਕਲ ਆਇਆ।

ਜੀਤੂ ਜਿਰਾਫ ਵੀ ਜੰਬੂ ਨੂੰ ਕਹਿਣ ਲੱਗਾ – ਮੈਨੂੰ ਮਾਫ ਕਰਨਾ ਮੇਰੇ ਦੋਸਤ, ਬਿਨਾ ਸੋਚੇ-ਸਮਝੇ ਹੀ ਮੈਂ ਤੈਨੂੰ ਚੋਰ ਸਮਝ ਲਿਆ ਸੀ।

ਦੋਵੇਂ ਦੋਸਤ ਫਿਰ ਗਲੇ ਮਿਲੇ। ਉਹਨਾਂ ਨੇ ਰੋਮੀ ਬਾਂਦਰੀ, ਕਾਲੀ ਬਕਰੀ ਅਤੇ ਗੁਰੂ ਜੀ ਦਾ ਧੰਨਵਾਦ ਕੀਤਾ। ਉਹਨਾਂ ਦੀ ਸਮਝਦਾਰੀ ਨਾਲ ਹੀ ਗਭਰੂ ਲੂੰਬੜ ਨੂੰ ਸਬਕ ਮਿਲਿਆ ਸੀ ਅਤੇ ਉਹਨਾਂ ਦੀ ਦੋਸਤੀ ਬਚ ਗਈ ਸੀ।

❑ ਈਲੂ ਰਾਨੀ

# ਹਿੰਮਤ ਨਾ ਹਾਰੀ



ਉਸ ਨੌਜਵਾਨ ਨੂੰ ਤਰ੍ਹਾਂ ਤਰ੍ਹਾਂ ਦੀਆਂ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਆਪਣੇ ਪੜ੍ਹਾਈ ਦੇ ਦਿਨਾਂ ਵਿਚ ਉਹ ਹਮੇਸ਼ਾ ਆਪਣੇ ਦੋਸਤਾਂ ਤੋਂ ਕਿਤਾਬਾਂ ਮੰਗ ਕੇ ਪੜ੍ਹਾਈ ਕਰਦਾ ਸੀ। ਦਰਅਸਲ ਕਿਤਾਬਾਂ ਖਰੀਦਣਾ ਉਸ ਦੇ ਲਈ ਸੰਭਵ ਨਹੀ ਸੀ ਕਿਉਂਕਿ ਉਸ ਦੇ ਕੋਲ ਪੈਸੇ ਨਹੀਂ ਸਨ ਪਰ ਉਹ ਬੜਾ ਈਮਾਨਦਾਰ ਅਤੇ ਬੁੱਧੀਮਾਨ ਸੀ। ਕਈ ਵਾਰ ਐਸਾ ਹੋਇਆ ਕਿ ਉਸ ਨੇ ਭੁੱਖੇ ਰਹਿ ਕੇ ਪੜ੍ਹਾਈ ਕੀਤੀ ਅਤੇ ਭੋਜਨ ਦਾ ਪੈਸਾ ਬਚਾ ਕੇ ਕਿਤਾਬਾਂ ਖਰੀਦੀਆਂ। ਹਰ ਸਾਲ ਕਲਾਸ ਵਿਚ ਉਹ ਚੰਗੇ ਨੰਬਰਾਂ ਨਾਲ ਪਾਸ ਹੁੰਦਾ ਸੀ।

ਇਕ ਦਿਨ ਉਸ ਨੌਜਵਾਨ ਨੇ ਮਨ ਵਿਚ ਸੋਚਿਆ – ਪੈਸਾ ਤਾਂ ਕੋਲ ਹੈ ਨਹੀਂ, ਹੁਣ ਅੱਗੇ ਦੀ ਪੜ੍ਹਾਈ ਕਿਵੇਂ ਹੋਵੇਗੀ? ਤਦ ਹੀ ਉਸਦੇ ਮਨ ਵਿਚ ਵਿਚਾਰ ਆਇਆ ਅਤੇ ਉਸ ਨੇ ਆਪਣੀ ਸਮੱਸਿਆ ਆਪਣੇ ਇਕ ਦੋਸਤ ਨੂੰ ਦੱਸੀ। ਦੋਸਤ ਨੇ ਕਿਹਾ – ਜੂਨਾਗੜ ਦੇ ਰਾਜਾ ਚੰਗੇ ਨੰਬਰਾਂ ਤੋਂ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਆਪਣੇ ਖਰਚੇ ਤੇ ਵਿਦੇਸ਼ਾਂ ਵਿਚ ਪੜ੍ਹਾਈ ਲਈ ਭੇਜਦੇ ਹਨ।

ਦੋਸਤ ਦੇ ਪਿਤਾ ਨੇ ਇਹ ਗੱਲ ਜੂਨਾਗੜ ਦੇ ਰਾਜੇ ਨੂੰ ਦੱਸੀ ਤਾਂ ਉਹਨਾਂ ਨੇ ਤੁਰੰਤ ਉਸ ਨੌਜਵਾਨ ਨੂੰ ਬੁਲਾਇਆ ਅਤੇ ਕਿਹਾ – ਤੂੰ ਅੱਗੇ ਪੜ੍ਹਨ ਲਈ ਲੰਦਨ ਚਲਾ ਜਾ। ਤੇਰੀ ਪੜ੍ਹਾਈ ਦੀ ਵਿਵਸਥਾ ਹੋ ਜਾਵੇਗੀ।'

ਉਹ ਨੌਜਵਾਨ ਖੁਸ਼ੀ-ਖੁਸ਼ੀ ਲੰਦਨ ਜਾ ਕੇ ਪੜ੍ਹਾਈ ਕਰਨ ਲੱਗਾ। ਤਿੰਨ ਚਾਰ ਮਹੀਨੇ ਤਾਂ ਉਸ ਦੀ ਪੜ੍ਹਾਈ ਦਾ ਖਰਚਾ ਰਾਜਘਰਾਣੇ ਤੋਂ ਚਲਦਾ ਰਿਹਾ, ਲੇਕਿਨ ਉਸ ਦੇ ਬਾਅਦ ਮਦਦ ਮਿਲਣੀ ਬੰਦ ਹੋ ਗਈ। ਹੁਣ ਨੌਜਵਾਨ ਦੇ ਸਾਹਮਣੇ ਦੋ ਸਮੱਸਿਆਵਾਂ ਸਨ, ਇਕ ਤਾਂ ਢਿੱਡ ਭਰਨਾ ਦੂਜਾ ਪੜ੍ਹਾਈ ਦਾ ਖਰਚ। ਫਿਰ ਵੀ ਨੌਜਵਾਨ ਨੇ ਹਿੰਮਤ ਨਾ ਹਾਰੀ। ਇਧਰ-ਉਧਰ ਨਿੱਕਾ-ਮੋਟਾ ਕੰਮ ਕਰਕੇ ਕੁਝ ਪੈਸਿਆਂ ਦਾ ਜੁਗਾੜ ਕਰ ਲਿਆ ਕਰਦਾ ਸੀ।


ਨੌਜਵਾਨ ਪੈਸਿਆਂ ਦੀ ਤੰਗੀ ਦੇ ਕਾਰਨ ਸਾਦੇ ਕਪੜੇ ਪਾਉਂਦਾ ਸੀ, ਆਪਣੇ ਜੂਤੇ ਆਪ ਪੌਲਿਸ਼ ਕਰਦਾ ਸੀ ਅਤੇ ਕਪੜੇ ਵੀ ਆਪ ਹੀ ਧੋਂਦਾ ਸੀ। ਇਸ ਤਰ੍ਹਾਂ ਜੋ ਪੈਸੇ ਬਚਦੇ ਸਨ ਉਸ ਨਾਲ ਉਹ ਕਿਤਾਬਾਂ ਖਰੀਦਦਾ ਸੀ।

ਇਕ ਵਾਰ ਉਸ ਨੂੰ ਇਕ ਪੁਸਤਕ ਦੀ ਬਹੁਤ ਜ਼ਰੂਰਤ ਸੀ ਅਤੇ ਉਹ ਕਿਤਾਬ ਬਹੁਤ ਮਹਿੰਗੀ ਸੀ।ਉਸਦੇ ਬਜਟ ਤੋਂ ਬਾਹਰ ਸੀ। ਬਿਨਾਂ ਕਿਤਾਬ ਦੇ ਪੜ੍ਹਾਈ ਸੰਭਵ ਨਹੀਂ ਸੀ। ਇਸ ਲਈ ਉਹ ਇਕ ਪੁਰਾਣੀ ਕਿਤਾਬ ਦੀ ਦੁਕਾਨ ਤੇ ਪਹੁੰਚਾ। ਉਥੇ ਅਰਥਸ਼ਾਸਤਰ ਦੀ ਪੁਸਤਕ ਵੇਖ ਕੇ ਉਹ ਮਨ ਹੀ ਮਨ ਖੁਸ਼ ਹੋਇਆ। 10 ਪੌਂਡ ਦੇ ਕੇ ਉਸ ਨੇ ਉਹ ਕਿਤਾਬ ਲੈ ਲਈ।

ਕਿਤਾਬ ਲੈ ਕੇ ਉਹ ਸਿੱਧੇ ਇਕ ਸਸਤੇ ਹੋਟਲ ਵਿਚ ਪਹੁੰਚਿਆ। ਭੋਜਨ ਦੀ ਮੇਜ਼ ਤੇ ਬੈਠ ਕੇ ਉਹ ਕਿਤਾਬ ਪੜ੍ਹਨ ਲੱਗਾ। ਕਿਤਾਬ ਤੋਂ ਨਜ਼ਰ ਹਟਾ ਕੇ ਉਸ ਨੇ ਮੇਜ਼ ਵਲ ਵੇਖਿਆ ਤਾਂ ਬੈਰਾ ਮੁਸਕੁਰਾਉਂਦੇ ਹੋਏ ਭੋਜਨ ਦੀ ਪਲੇਟ ਲੈ ਕੇ ਖੜ੍ਹਾ ਸੀ। ਤਦ ਨੌਜਵਾਨ ਨੂੰ ਧਿਆਨ ਆਇਆ ਕਿ ਜੇਬ ਤਾਂ ਖਾਲੀ ਹੈ। ਸਾਰੇ ਪੈਸਿਆਂ ਦੀ ਤਾਂ ਕਿਤਾਬ ਲੈ ਲਈ। ਹੁਣ ਕੀ ਕੀਤਾ ਜਾਵੇ?

ਫਿਰ ਉਸ ਨੇ ਗੱਲ ਬਣਾ ਕੇ ਦੱਬੀ ਮੁਸਕਾਨ ਨਾਲ ਕਿਹਾ - ਮਾਫ ਕਰਨਾ ਭਰਾ ! ਮੈਨੂੰ ਯਾਦ ਹੀ ਨਹੀਂ ਰਿਹਾ - ਅੱਜ ਮੇਰਾ ਵਰਤ ਹੈ।' ਇਹ ਕਹਿ ਕੇ ਨੌਜਵਾਨ ਦੀਆਂ ਅੱਖਾਂ ਭਰ ਆਈਆਂ ਉਸ ਨੇ ਜ਼ਿੰਦਗੀ ਚ ਪਹਿਲੀ ਵਾਰ ਝੂਠ ਬੋਲਿਆ ਸੀ। ਹੋਟਲ ਤੋਂ ਨਿਕਲ ਕੇ ਉਹ ਆਪਣੇ ਕਮਰੇ ਵਿਚ ਗਿਆ। ਪੂਰੇ ਦਸ ਦਿਨ ਬ੍ਰੈਡ ਅਤੇ ਗੁੜ ਖਾ ਕੇ ਗੁਜ਼ਾਰਾ ਕਰਦਾ ਰਿਹਾ ਕਿਉਂਕਿ ਭੋਜਨ ਦੇ ਪੈਸੇ ਤਾਂ ਕਿਤਾਬ ਖਰੀਦਣ ਵਿਚ ਖਰਚ ਹੋ ਗਏ ਸਨ।

ਤੁਸੀਂ ਜਾਨਣਾ ਚਾਹੋਗੇ ਇਹ ਨੌਜਵਾਨ ਕੌਣ ਸੀ? ਇਹ ਭੀਮਰਾਵ ਅੰਬੇਡਕਰ ਸਨ। ਉਹਨਾਂ ਨੇ ਮੁਸ਼ਕਿਲ ਹਾਲਾਤਾਂ ਵਿਚ ਵੀ ਹਿੰਮਤ ਨਾ ਹਾਰੀ। ਹਾਲਾਤ ਜਿਵੇਂ ਦੇ ਵੀ ਸੀ ਉਹਨਾਂ ਨੇ ਹੌਸਲੇ ਬੁਲੰਦ ਰੱਖੇ। ਅੱਗੇ ਚਲ ਕੇ ਉਹਨਾਂ ਨੇ ਸਾਡੇ ਦੇਸ਼ ਦੇ ਸੰਵਿਧਾਨ ਦੀ ਰਚਨਾ ਕੀਤੀ। ਸਾਡੇ ਦੇਸ਼ ਦੇ ਗੌਰਵਸ਼ਾਲੀ ਇਤਿਹਾਸ ਵਿਚ ਭੀਮਰਾਵ ਅੰਬੇਡਕਰ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਦਰਜ ਹੈ।




# Form-IV
## (See Rule - 8)


| | | |
|---|---|---|
| 1. | Place of Publication | Sant Nirankari Satsang Bhawan, Sant Nirankari Colony, Delhi- 110009 |
| 2. | Periodicity of Publication | Monthly |
| 3. | Printer's Name<br>(whether citizen of India)<br>Address | Radhey Shyam<br>Yes, Indian<br>Plot No. 102, North Avenue New Delhi-110001 |
| 4. | Publisher's Name<br>(Whether Citizen of India)<br>Address | Radhey Shyam<br>Yes, Indian<br>Plot No. 102, North Avenue New Delhi-110001 |
| 5. | Editor's Name<br>(Whether Citizen of India)<br>Address | Sulekh Saathi<br>Yes, Indian<br>Sant Nirankari Satsang Bhawan, Sant Nirankari Colony, Delhi-110009 |
| 6. | Name & Address of individuals, who own the newspaper and partners or share holders holding more than one percent of the total capital. | Sant Nirankari Mandal, Sant Nirankari Colony, Delhi-110009 |

I, Radhey Shyam, do hereby declare that the particulars given above are true to the best of my knowledge and belief.

Date : 1.3.2018

Radhey Shyam
Publisher

# ਵਿਗਿਆਨ ਪ੍ਰਸ਼ਨੋਤਰੀ



❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ : ਰਾਤ ਨੂੰ ਰੁੱਖਾਂ ਹੇਠਾਂ ਸੌਣਾਂ ਹਾਨੀਕਾਰਕ ਕਿਉਂ ਹੈ?**

**ਉੱਤਰ :** ਰੁੱਖ ਆਕਸੀਜਨ ਦਿੰਦੇ ਹਨ ਅਤੇ ਅਤੇ ਅਸ਼ੁੱਧ ਵਾਯੂ ਕਾਰਬਨਡਾਈਆਕਸਾਈਡ ਲੈਂਦੇ ਹਨ। ਰੁੱਖ ਪ੍ਰਕਾਸ਼ ਸੰਸ਼ਲੇਸ਼ਣ ਦੀ ਕ੍ਰਿਆ ਦੇ ਦੌਰਾਨ ਹੀ ਆਕਸੀਜਨ ਛੱਡਣ ਅਤੇ ਕਾਰਬਨਡਾਈਆਕਸਾਈਡ ਗ੍ਰਹਿਣ ਕਰਨ ਦਾ ਕੰਮ ਕਰਦੇ ਹਨ। ਪ੍ਰਕਾਸ਼ ਸੰਸ਼ਲੇਸ਼ਣ ਦੀ ਕ੍ਰਿਆ ਕੇਵਲ ਸੂਰਜ ਦੇ ਪ੍ਰਕਾਸ਼ ਵਿਚ ਦਿਨ ਵੇਲੇ ਹੀ ਸੰਭਵ ਹੈ। ਰਾਤ ਨੂੰ ਇਹ ਕ੍ਰਿਆ ਨਹੀਂ ਹੁੰਦੀ। ਰਾਤ ਨੂੰ ਰੁੱਖ ਕਾਰਬਨਡਾਈਆਕਸੀਡ ਛੱਡਦੇ ਹਨ ਅਤੇ ਆਕਸੀਜਨ ਗ੍ਰਹਿਣ ਕਰਦੇ ਹਨ। ਇਸ ਲਈ ਰਾਤ ਨੂੰ ਰੁੱਖਾਂ ਹੇਠਾਂ ਸੌਣਾ ਹਾਨੀਕਾਰਕ ਹੈ।

**ਪ੍ਰਸ਼ਨ : ਨਮਕੀਨ ਚੀਜ਼ਾਂ ਖਾਣ ਨਾਲ ਪਿਆਸ ਜ਼ਿਆਦਾ ਕਿਉਂ ਲਗਦੀ ਹੈ?**

**ਉੱਤਰ :** ਇੰਜ ਵੇਖਿਆ ਗਿਆ ਹੈ ਕਿ ਨਮਕੀਨ ਚੀਜ਼ਾਂ ਖਾਣ ਨਾਲ ਪਿਆਸ ਜ਼ਿਆਦਾ ਲਗਦੀ ਹੈ। ਇਸ ਦਾ ਕਾਰਣ ਹੈ ਕਿ ਨਮਕ ਖਾਣ ਤੋਂ ਬਾਅਦ ਸ਼ਰੀਰ ਦੀਆਂ ਕੋਸ਼ਿਕਾਵਾਂ ਦਾ ਪਾਣੀ ਗੁਰਦਿਆਂ ਵਲ ਚਲਾ ਜਾਂਦਾ ਹੈ। ਪਾਣੀ ਦੀ ਇਸ ਕਮੀ ਨੂੰ ਪੂਰਾ ਕਰਨ ਲਈ ਹੀ ਪਿਆਸ ਦਾ ਅਨੁਭਵ ਹੁੰਦਾ ਹੈ ਅਤੇ ਤੁਸੀਂ ਪਾਣੀ ਜ਼ਿਆਦਾ ਪੀਂਦੇ ਹੋ।

**ਪ੍ਰਸ਼ਨ : ਪੌਦੇ ਆਪਣਾ ਭੋਜਨ ਕਿਵੇਂ ਬਣਾਉਂਦੇ ਹਨ?**

**ਉੱਤਰ :** ਪੌਦੇ ਆਪਣਾ ਭੋਜਨ ਬਨਾਉਣ ਲਈ ਜਿਸ ਪ੍ਰਕ੍ਰਿਆ ਨੂੰ ਅਪਨਾਉਂਦੇ ਹਨ ਉਸ ਨੂੰ ਪ੍ਰਕਾਸ਼ ਸੰਸ਼ਲੇਸ਼ਣ ਕਿਹਾ ਜਾਂਦਾ ਹੈ। ਪੌਦੇ ਦਾ ਹਰਾ ਭਾਗ ਸੂਰਜ ਦੇ ਪ੍ਰਕਾਸ਼ ਵੇਲੇ ਕਾਰਬਨਡਾਈਆਕਸਾਈਡ ਗੈਸ ਲੈਂਦਾ ਹੈ। ਇਸ ਪ੍ਰਕਾਰ ਪਾਣੀ ਅਤੇ ਖਣਿਜ ਦੀ ਮਦਦ ਨਾਲ ਪੌਦੇ ਆਪਣਾ ਭੋਜਨ ਤਿਆਰ ਕਰਦੇ ਹਨ।

**ਪ੍ਰਸ਼ਨ : ਸਵੇਰੇ ਉਠ ਕੇ ਪਾਣੀ ਪੀਣਾ ਲਾਭਦਾਇਕ ਕਿਉਂ ਹੁੰਦਾ ਹੈ?**

**ਉੱਤਰ :** ਸਾਡੇ ਸ਼ਰੀਰ ਨੂੰ ਆਪਣੀਆਂ ਜ਼ਰੂਰੀ ਕ੍ਰਿਆਵਾਂ ਨੂੰ ਪੂਰਾ ਕਰਨ ਲਈ ਰੋਜ਼ ਸਾਨੂੰ 8 ਤੋਂ 10 ਗਲਾਸ ਪਾਣੀ ਦੀ ਜ਼ਰੂਰਤ ਪੈਂਦੀ ਹੈ। ਇਹ ਸਾਡੀ ਪਾਚਨ ਕ੍ਰਿਆ ਦੇ ਇਲਾਵਾ ਸ਼ਰੀਰ ਦੇ ਦੂਸਰੇ ਹਿੱਸੇ ਤੇ ਵੀ ਅਨੁਕੂਲ ਪ੍ਰਭਾਵ ਪਾਉਂਦਾ ਹੈ। ਸਵੇਰੇ ਉਠਣ ਵੇਲੇ ਪਾਣੀ ਪੀਣਾ ਲਾਭਦਾਇਕ ਮੰਨਿਆ ਜਾਂਦਾ ਹੈ। ਜਿਨ੍ਹਾਂ ਲੋਕਾਂ ਨੂੰ ਕਬਜ਼ ਦੀ ਸ਼ਿਕਾਇਤ ਰਹਿੰਦੀ ਹੈ ਜਾਂ ਜੋ ਲੋਕ ਫਲ ਸਬਜ਼ੀਆਂ ਘੱਟ ਖਾਂਦੇ ਹਨ ਉਹਨਾਂ ਲੋਕਾਂ ਲਈ ਸਵੇਰੇ ਉੱਠ ਕੇ ਪਾਣੀ ਪੀਣਾ ਬਹੁਤ ਜ਼ਰੂਰੀ ਹੁੰਦਾ ਹੈ। ■



❑ ਮਹਿੰਦਰ ਜੈਨ

# ਫੁੱਲ
## ਬੜੇ ਪਿਆਰੇ ਹੁੰਦੇ ਨੇ



ਫੁੱਲ ਬੜੇ ਪਿਆਰੇ ਹੁੰਦੇ ਨੇ,
ਅੱਖੀਆਂ ਦੇ ਤਾਰੇ ਹੁੰਦੇ ਨੇ।

ਰੰਗ-ਬਿਰੰਗੇ ਜਦ ਖਿੜ ਜਾਂਦੇ,
ਬਗੀਚੀ ਮੇਰੀ ਸੁੰਦਰ ਬਣਾਂਉਂਦੇ।

ਫੁੱਲਾਂ ਦੀ ਖੁਸ਼ਬੂ ਮਨ ਨੂੰ ਭਾਵੇ,
ਹਰ ਦਿਲ ਤੇ ਜਾਦੂ ਕਰ ਜਾਵੇ।

ਫੁੱਲ ਸਾਰੇ ਹੁੰਦੇ ਨੇ ਸੁੰਦਰ
ਰੰਗ-ਰੂਪ ਦਾ ਹੁੰਦਾ ਹੈ ਅੰਤਰ।

ਹਰ ਛੋਟਾ-ਵੱਡਾ ਖੁਸ਼ਬੂ ਫੈਲਾਵੇ,
ਹਰ ਇਕ ਫੁੱਲ ਚਮਨ ਮਹਿਕਾਵੇ।

ਇਹ ਦੇਵਤਿਆਂ ਦੇ ਚਰਣ ਸਜਾਂਦੇ,
ਘਰ ਦੇ ਵਿਹੜੇ ਦੀ ਸ਼ਾਨ ਵਧਾਂਉਂਦੇ।

ਜਦ ਧਾਗੇ ਵਿਚ ਪਰੋਏ ਜਾਂਦੇ,
ਇਹ ਗਲ ਦਾ ਹਾਰ ਬਣ ਜਾਂਦੇ।

ਬਗੀਚੀ ਮੇਰੀ ਸਭ ਤੋਂ ਪਿਆਰੀ
ਦਿਸਦੀ ਮੈਨੂੰ ਸਭ ਤੋਂ ਨਿਆਰੀ

ਫੁੱਲ ਬੜੇ ਪਿਆਰੇ ਹੁੰਦੇ ਨੇ,
ਅੱਖੀਆਂ ਦੇ ਤਾਰੇ ਹੁੰਦੇ ਨੇ।






ਕਮਲ ਸੋਗਾਨੀ

# ਝਟਕੂ ਦਾ ਘਮੰਡ

**ਝਟਕੂ** ਬਾਂਦਰ ਅਪਣੇ ਆਪ ਨੂੰ ਅਕਲਮੰਦ ਅਤੇ ਹੋਸ਼ਿਆਰ ਸਮਝਦਾ ਸੀ। ਜੰਗਲ ਦੇ ਜਾਨਵਰਾਂ ਨਾਲ ਉਹ ਕਦੇ ਸਿੱਧੇ ਮੂੰਹ ਗੱਲ ਨਹੀਂ ਕਰਦਾ ਸੀ। ਅਨਪੜ੍ਹ ਜਾਨਵਰਾਂ ਦੇ ਸਾਹਮਣੇ ਉਹ ਅੰਗਰੇਜੀ ਦੀਆਂ ਪੱਤਰ-ਪਤਰਕਾਵਾਂ ਹੱਥ ਵਿਚ ਲੈ ਕੇ ਘੁੰਮਿਆ ਕਰਦਾ ਸੀ। ਕਈ ਵਾਰ ਪਾਰਕਾਂ ਵਿਚ ਬੜੇ ਧਿਆਨ ਨਾਲ ਅੰਗਰੇਜੀ ਕਿਤਾਬਾਂ ਪੜ੍ਹਨ ਦਾ ਡਰਾਮਾ ਕਰਦਾ ਸੀ।

ਉਸ ਨੂੰ ਜੰਗਲ ਦੇ ਜਾਨਵਰ ਸਚਮੁਚ ਹੀ ਪੜ੍ਹਿਆ ਲਿਖਿਆ ਅਤੇ ਮਹਾਨ ਸਮਝਦੇ ਸਨ। ਜਦ ਕਿ ਹਕੀਕਤ ਇਹ ਸੀ ਕਿ ਉਹ ਪੜ੍ਹਿਆ ਲਿਖਿਆ ਜਿਆਦਾ ਨਹੀਂ ਸੀ ਬਸ ਥੋੜ੍ਹਾ ਬਹੁਤ ਲਿਖਣਾ ਜਾਣਦਾ ਸੀ। ਇਸ ਗੱਲ ਦੀ ਖਬਰ ਉਸ ਦੇ ਇਲਾਵਾ ਕਿਸੇ ਨੂੰ ਨਹੀਂ ਸੀ।

ਜੰਗਲ ਦੇ ਜਾਨਵਰਾਂ ਦੀ ਲਿਖਾਵਟ ਦੀ ਉਹ ਅਕਸਰ ਹੱਸੀ ਉਡਾਇਆ ਕਰਦਾ ਅਤੇ ਕਹਿੰਦਾ - ਮੈਂ ਇਸ ਤਰ੍ਹਾਂ ਦੇ ਸ਼ਬਦ ਨੂੰ ਪੜ੍ਹਨਾ ਵੀ ਪਸੰਦ ਨਹੀਂ ਕਰਦਾ ਹਾਂ।

ਹਾਂ ਝਟਕੂ ਜਦ ਵੀ ਅੰਗਰੇਜੀ ਦੀਆਂ ਪੱਤਰ-ਪਤੱਰਕਾਵਾਂ ਜੰਗਲ ਦੇ ਜਾਨਵਰਾਂ ਦੇ ਸਾਹਮਣੇ ਲੈ ਕੇ ਜਾਂਦਾ ਉਹਨਾਂ ਨੂੰ ਕਿਵੇਂ ਪੜ੍ਹਦਾ ਕਿਉਂਕਿ ਉਸ ਨੂੰ ਅੰਗਰੇਜੀ ਪੜਨਾ ਤਾਂ ਆਉਂਦਾ ਹੀ ਨਹੀਂ ਸੀ। ਬਸ ਉਹਨਾਂ ਵਿਚ ਛਪੀਆਂ ਰੰਗੀਨ ਤਸਵੀਰਾਂ ਨੂੰ ਵੇਖਿਆ ਕਰਦਾ ਸੀ।

ਜਦ ਵੀ ਜੰਗਲ ਵਿਚ ਕੋਈ ਸਮਾਰੋਹ ਹੁੰਦਾ ਤਾਂ ਝਟਕੂ ਨੂੰ ਆਦਰ ਦੇ ਨਾਲ ਬੁਲਾਇਆ ਜਾਂਦਾ ਪਰੰਤੂ ਉਹ ਕਿਸੇ ਵੀ ਸਮਾਰੋਹ ਵਿਚ ਭਾਗ ਲੈਣ ਨਹੀਂ ਜਾਂਦਾ ਸੀ। ਉਹ ਜਾਣਦਾ ਸੀ ਕਿ ਉਹਨੂੰ ਲਿਖਣ ਪੜ੍ਹਨ ਅਤੇ ਬੋਲਣ ਲਈ ਕਹਿਣਗੇ। ਇਸ ਕੰਮ ਵਿਚ ਉਹ ਆਪਣੇ ਆਪ ਨੂੰ ਬੜਾ ਹੀ ਕਮਜ਼ੋਰ ਸਮਝਦਾ ਸੀ। ਜਦ ਵੀ ਜੰਗਲ ਵਿਚ ਪ੍ਰੋਗਰਾਮ ਹੁੰਦੇ ਤਾਂ ਉਹ ਇਧਰ-ਉਧਰ ਲੁਕ ਜਾਂਦਾ ਸੀ ਜਾਂ ਹਮੇਸ਼ਾ ਕੋਈ ਨਾ ਕੋਈ ਬਹਾਨਾਂ ਬਣਾ ਦਿੰਦਾ ਸੀ।

ਇਕ ਦਿਨ ਮਟਕੂ ਲੋਮੜੀ ਨੇ ਝਟਕੂ ਦੀ ਸਚਾਈ ਦਾ ਪਤਾ ਆਪਣੀ ਗੁਪਤ ਜਾਸੂਸੀ ਨਾਲ ਲਗਾਇਆ। ਉਸ ਨੇ ਜੰਗਲ ਦੇ ਸਾਰੇ ਜਾਨਵਰਾਂ ਨੂੰ ਪੋਸਟ ਆਫਿਸ ਦੇ ਨੇੜੇ ਲੁਕਣ ਲਈ ਕਿਹਾ।

ਰੋਜ਼ ਦੀ ਤਰ੍ਹਾਂ ਉਸ ਦਿਨ ਵੀ ਝਟਕੂ ਪੋਸਟ ਔਫਿਸ ਦੀ ਖਿੜਕੀ ਉਤੇ ਪਹੁੰਚਿਆ ਅਤੇ ਡਾਕ

ਸਮਗਰੀ ਖਰੀਦਣ ਲੱਗਾ। ਤਦ ਹੀ ਮਟਕੂ ਲੋਮੜੀ ਉਥੇ ਆਈ।

ਪੋਸਟ ਕਾਰਡ ਖਰੀਦ ਕੇ ਕਹਿਣ ਲੱਗੀ – ਝਟਕੂ ਜੀ ! ਇਸ ਉਤੇ ਜ਼ਰਾ ਪਤਾ ਲਿਖ ਦਿਉ।

ਝਟਕੂ ਨੇ ਜਿਵੇਂ- ਤਿਵੇਂ ਲਿਖ ਦਿੱਤਾ।

ਧੰਨਵਾਦ ! ਇਸ ਉਤੇ ਦੋ ਸ਼ਬਦ ਮੇਰੀ ਸਲਾਮਤੀ ਬਾਰੇ ਵੀ ਲਿਖ ਦੇ।

ਝਟਕੂ ਨੇ ਲਿਖ ਦਿੱਤਾ। ਲਿਖਣ ਤੋਂ ਬਾਅਦ ਤਿੱਖੇ ਜਿਹੇ ਸ਼ਬਦਾਂ ਵਿਚ ਕਹਿਣ ਲੱਗਾ – ਹੋਰ ਕੁਝ ...

ਮਟਕੂ ਲੋਮੜੀ ਨੇ ਇਕ ਨਜ਼ਰ ਪੋਸਟ ਕਾਰਡ ਉਤੇ ਲਿਖੇ ਅੱਖਰਾਂ ਨੂੰ ਪੜ੍ਹਿਆ ਅਤੇ ਕਹਿਣ ਲੱਗੀ – ਸਿਰਫ ਇਕ ਲਾਈਨ ਵਧਾ ਦੇ ਕਿ ਗੰਦੀ ਅਤੇ ਬੇਕਾਰ ਲਿਖਾਈ ਲਈ ਮੈਨੂੰ ਮਾਫ ਕਰ ਦਿਉ।

ਫਿਰ ਉਹ ਪੋਸਟਕਾਰਡ ਜਲਦੀ ਨਾਲ ਝਟਕੂ ਦੇ ਹੱਥਾਂ ਤੋਂ ਖੋਹ ਕੇ ਤੇਜੀ ਨਾਲ ਭੱਜੀ, ਤਦ ਹੀ ਨੇੜੇ ਲੁਕੇ ਜੰਗਲ ਦੇ ਪ੍ਰਾਣੀ ਬਾਹਰ ਨਿਕਲ ਆਏ। ਉਹਨਾਂ ਨੇ ਜਦ ਪੋਸਟਕਾਰਡ ਉਤੇ ਝਟਕੂ ਦੇ ਲਿਖੇ ਅੱਖਰ ਵੇਖੇ ਤਾਂ ਖ਼ੂਬ ਤਾਨ੍ਹੇ ਮਾਰੇ।

ਸੁਣ ਕੇ ਬਾਂਦਰ ਬੁਰੀ ਤਰ੍ਹਾਂ ਘਬਰਾ ਗਿਆ। ਬਸ ਉਸ ਦਿਨ ਜੰਗਲ ਦੇ ਜਾਨਵਰਾਂ ਦੇ ਵਿਚਕਾਰ ਹੱਥ ਜੋੜ ਕੇ ਕਿਹਾ – ਮੈਂ ਵੀ ਤੁਹਾਡੇ ਵਾਂਗ ਘੱਟ ਪੜ੍ਹਿਆ ਲਿਖਿਆ ਹਾਂ। ਮੈਂ ਵਿਅਰਥ ਵਿਚ ਹੀ ਦਿਖਾਵਾ ਕਰਦਾ ਸੀ। ਲੇਕਿਨ ਇਹ ਸੱਚ ਹੈ ਕਿ ਝੂਠ ਦੀ ਪੋਲ ਇਕ ਦਿਨ ਜ਼ਰੂਰ ਖੁੱਲਦੀ ਹੈ।

ਹੁਣ ਉਹ ਜੰਗਲ ਦੇ ਜਾਨਵਰਾਂ ਨਾਲ ਸਿੱਧੇ ਮੂੰਹ ਗੱਲ ਕਰਨ ਲੱਗ ਗਿਆ, ਕਿਉਂਕਿ ਉਸ ਦਾ ਦਿਖਾਵੇ ਦਾ ਝੂਠਾ ਘਮੰਡ ਟੁੱਟ ਗਿਆ ਸੀ।





# ਕੀ ਹੁੰਦਾ ਹੈ ਸਪੇਸ ਸੂਟ

ਅੰਤਰਿਕਸ਼ ਯਾਤਰਾ ਤੇ ਜਾਣ ਵਾਲੇ ਯਾਤਰੀਆਂ ਦੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਸਪੇਸ ਸੂਟ ਸੁਰੱਖਿਆ ਕਵਚ ਦੀ ਤਰ੍ਹਾਂ ਫਾਇਦੇਮੰਦ ਹੈ। ਸਪੇਸ ਸੂਟ ਦੀ ਉਪਯੋਕਿਤਾ ਅਤੇ ਜ਼ਰੂਰਤ ਨੂੰ ਸਮਝਣ ਤੋਂ ਪਹਿਲਾਂ ਪ੍ਰਿਥਵੀ ਮੰਡਲ ਦੇ ਵਾਤਾਵਰਣ ਬਾਰੇ ਜਾਣਕਾਰੀ ਬਹੁਤ ਜ਼ਰੂਰੀ ਹੈ।

ਪ੍ਰਿਥਵੀ ਦੇ ਉਪਰ ਵਾਲੇ ਵਾਤਾਵਰਣ ਵਿਚ ਇਸ ਦੇ ਹਰ ਵਰਗਮੀਟਰ ਉਤੇ ਇਕ ਵੱਡੀ ਗੱਡੀ ਦੇ ਬਰਾਬਰ ਦਬਾਅ ਪੈਂਦਾ ਹੈ। ਸਾਨੂੰ ਇਸ ਦਾ ਅਹਿਸਾਸ ਇਸ ਲਈ ਨਹੀਂ ਹੁੰਦਾ ਕਿਉਂਕਿ ਸਾਡੇ ਸ਼ਰੀਰ ਦੇ ਅੰਦਰ ਅਤੇ ਬਾਹਰ ਇਹ ਦਬਾਅ ਇਕ ਸਮਾਨ ਹੁੰਦਾ ਹੈ। ਸ਼ਰੀਰ ਦੇ ਅੰਦਰ ਅਤੇ ਬਾਹਰ ਦੇ ਤਾਪਮਾਨ ਅਤੇ ਦਬਾਅ ਵਿਚ ਭਿੰਨਤਾ ਹੋਣ ਤੇ ਕੀ ਸਥਿਤੀ ਉਤਪੰਨ ਹੋਵੇਗੀ, ਇਸਦਾ ਅੰਦਾਜ਼ਾ ਇਕ ਉਦਾਹਰਣ ਨਾਲ ਲਗਾਇਆ ਜਾ ਸਕਦਾ ਹੈ। ਜੇਕਰ ਧਾਤੂ ਦੇ ਇਕ ਬਰਤਨ ਦੀ ਅੰਦਰ ਦੀ ਹਵਾ ਨੂੰ ਇਸਦੇ ਅੰਦਰ ਖੌਲਦੇ ਪਾਣੀ ਦੁਆਰਾ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਬਾਹਰ ਕੱਢ ਦਿੱਤਾ ਜਾਏ ਤਾਂ ਬਰਤਨ ਵਾਯੂਮੰਡਲ ਦਬਾਅ ਦੇ ਕਾਰਨ ਪਿਚਕ ਜਾਵੇਗਾ। ਇਸ ਪ੍ਰਕਾਰ ਬਿਨਾ ਸਪੇਸ ਸੂਟ ਦਾ ਅੰਤਰਿਕਸ਼ ਵਿਚ ਗਿਆ ਯਾਤਰੀ ਨਾ ਕੇਵਲ ਫੁੱਲ ਕੇ ਮਰ ਜਾਵੇਗਾ ਬਲਕਿ ਉਸ ਦਾ ਖ਼ੂਨ ਵੀ ਗਰਮ ਪਾਣੀ ਦੇ ਵਾਂਗ ਉਬਲਣ ਲੱਗ ਜਾਵੇਗਾ। ਤਰਲ ਪਦਾਰਥ ਕਿਸ ਤਾਪਮਾਨ ਉਤੇ ਉਬਲਦਾ ਹੈ, ਉਹ

ਵਾਤਾਵਰਣ ਦੇ ਦਬਾਅ ਤੇ ਨਿਰਭਰ ਕਰਦਾ ਹੈ।

9 ਕਿਲੋਮੀਟਰ ਦੀ ਉਚਾਈ ਉਤੇ ਪਾਣੀ 74 ਡਿਗਰੀ ਸੈਂਟੀਗ੍ਰੇਡ ਦੇ ਤਾਪਮਾਨ ਉਤੇ ਉਬਲਣ ਲਗਦਾ ਹੈ। 9 ਕਿਲੋਮੀਟਰ ਤੋਂ ਜ਼ਿਆਦਾ ਉਚਾਈ ਉਤੇ ਖ਼ੂਨ ਸ਼ਰੀਰ ਤੋਂ ਘੱਟ ਤਾਪਮਾਨ ਉਤੇ ਉਬਲਣ ਲਗਦਾ ਹੈ। ਜ਼ੀਰੋ ਦਬਾਅ ਤੇ ਅੰਤਰਿਕਸ਼ ਯਾਤਰੀ ਦਾ ਖ਼ੂਨ ਇਕਦਮ ਜਾਨਲੇਵਾ ਫੋਮ (ਝੱਗ) ਵਿਚ ਬਦਲ ਜਾਏਗਾ।




ਇਸ ਭੂਗੋਲਿਕ ਅਤੇ ਵਾਤਾਵਰਣੀ ਤੱਥ ਨੂੰ ਨਜ਼ਰ ਵਿਚ ਰੱਖ ਕੇ ਅੰਤਰਿਕਸ਼ ਯਾਤਰੀਆਂ ਦੇ ਸੂਟ ਇਸ ਪ੍ਰਕਾਰ ਡਿਜ਼ਾਈਨ ਕੀਤੇ ਜਾਂਦੇ ਹਨ ਕਿ ਉਹਨਾਂ ਨੂੰ ਅੰਤਰਿਕਸ਼ ਯਾਤਰਾਵਾਂ ਦੇ ਦੌਰਾਨ ਹਰ ਪ੍ਰਕਾਰ ਦੇ ਖਤਰੇ ਤੋਂ ਬਚਾਇਆ ਜਾ ਸਕੇ। ਅੰਤਰਿਕਸ਼ ਜਗਤ ਦੇ ਇਹਨਾਂ ਖਤਰਿਆਂ ਵਿਚ ਜ਼ਿਆਦਾ ਤਾਪਮਾਨ , ਜ਼ਿਆਦਾ ਗਤੀ ਨਾਲ ਘੁੰਮਦੀਆਂ ਵਸਤੂਆਂ ਅਤੇ ਵੈਕਯੂਮ ਆਦਿ ਸ਼ਾਮਿਲ ਹਨ।

ਸਪੇਸ ਸੂਟ ਜਿਸ ਨੂੰ 'ਮੈਂਸਮੇਨੂਵਰਿੰਗ ਯੂਨਿਟ'' ਦੇ ਨਾਂ ਤੋਂ ਜਾਣਿਆ ਜਾਂਦਾ ਹੈ, ਪਾ ਕੇ ਅੰਤਰਿਕਸ਼ ਯਾਤਰੀ ਜਾਂਦੇ ਹਨ। ਇਸ ਸੂਟ ਦਾ ਕਪੜਾ ਪਰਤਦਾਰ ਬਣਿਆ ਹੁੰਦਾ ਹੈ। ਇਸ ਵਿਚੋਂ ਹਰ ਪਰਤ ਦਾ ਆਪਣਾ ਉਦੇਸ਼ ਹੁੰਦਾ ਹੈ। ਅੰਦਰ ਦੀਆਂ ਪਰਤਾਂ ਵਿਚੋਂ ਇਕ ਤਾਪਮਾਨ ਨੂੰ ਕੰਟਰੋਲ ਕਰਦੀ ਹੈ। ਇਸ ਨੂੰ ਪਾਕੇ ਅੰਤਰਿਕਸ਼ ਯਾਤਰੀ ਸੁਤੰਤਰ ਰੂਪ ਨਾਲ ਅੰਤਰਿਕਸ਼ ਲੋਕ ਵਿਚ ਉਡੱ ਸਕਦੇ ਹਨ। ਇਸ ਵਿਚ ਆਕਸੀਜਨ ਗੈਸ ਲਈ ਵੀ ਜ਼ਰੂਰੀ ਵਿਵਸਥਾ ਹੁੰਦੀ ਹੈ।

ਸਪੇਸ ਸੂਟ ਵਿਚ ਇਕ ਆਧਾਰਭੂਤ ਲਾਈਫ ਸਪੋਰਟ ਪ੍ਰਣਾਲੀ ਹੁੰਦੀ ਹੈ। ਇਸ ਵਿਚ ਜ਼ਰੂਰਤ ਅਨੁਸਾਰ ਲੋੜੀਂਦੀ ਮਾਤਰਾ ਵਿਚ ਪਾਣੀ ਅਤੇ ਆਕਸੀਜਨ ਰੱਖੀ ਜਾ ਸਕਦੀ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਅੰਤਰਰਿਕਸ਼ ਯਾਤਰੀ ਕਈ ਘੰਟਿਆ ਤਕ ਅੰਤਰਿਕਸ਼ ਜਗਤ ਵਿਚ ਚਹਿਲਕਦਮੀ ਕਰ ਸਕਦੇ ਹਨ। ਸਪੇਸ ਸੂਟ ਵਿਚ ਲਿਕਵਿਡ ਕੂਲਿੰਗ ਅਤੇ ਵੈਂਟੀਲੇਸ਼ਨ ਪ੍ਰਣਾਲੀ ਵੀ ਹੁੰਦੀ ਹੈ।

ਦਰਅਸਲ ਹਰ ਸਪੇਸ ਸੂਟ ਬਹੁਤ ਸਾਰੇ ਵੱਖ ਵੱਖ ਟੁਕੜਿਆਂ ਨਾਲ ਮਿਲ ਕੇ ਬਣਿਆ ਹੁੰਦਾ ਹੈ। ਹਰ ਟੁਕੜੇ ਨੂੰ ਨਿਸ਼ਚਿਤ ਆਕਾਰ ਦੇ ਹਿਸਾਬ ਨਾਲ ਤਿਆਰ ਕੀਤਾ ਜਾਂਦਾ ਹੈ। ਅੰਤਰਿਕਸ਼ ਦੀ ਜੋਖਿਮ ਭਰੀ ਯਾਤਰਾ ਵਿਚ ਜਾਣ ਵਾਲੇ ਵਿਅਕਤੀ ਨੂੰ ਇਹਨਾਂ ਟੁਕੜਿਆਂ ਤੋਂ ਤਿਆਰ ਇਸ ਤਰ੍ਹਾਂ ਦਾ ਸੂਟ ਦਿੱਤਾ ਜਾਂਦਾ ਹੈ ਜਿਸ ਵਿਚ ਉਹ ਫਿੱਟ ਹੋ ਸਕੇ ਅਤੇ ਆਪਣੀ ਯਾਤਰਾ ਸੁਰੱਖਿਅਤ ਕਰ ਸਕੇ।

# ਹਾਸਾ ਖੇਡਾ



ਅਧਿਆਪਕ : (ਸ਼ੇਰੂ ਨੂੰ) ਤੂੰ ਉਸ ਵਿਅਕਤੀ ਨੂੰ ਕੀ ਕਹੇਂਗਾ ਜੋ ਹਮੇਸ਼ਾ ਬੋਲਦਾ ਹੀ ਰਹੇ ਅਤੇ ਦੂਜਿਆਂ ਦੀ ਗੱਲ ਹੀ ਨਾ ਸੁਣੇ?

ਸ਼ੇਰੂ : ਜੀ ! ਅਧਿਆਪਕ

* * * *

ਬੱਬੀ (ਸਿਮਰਨਜੀਤ ਨੂੰ) : ਬਈ ਅੱਜ ਤਾਂ ਚਾਹ ਪੀਣ ਦਾ ਮਜਾ ਆ ਗਿਆ।

ਸਿਮਰਨਜੀਤ – ਭੈਣ ਜੀ ! ਜੇਕਰ ਬਿੱਲੀ ਨੇ ਦੁੱਧ ਵਿਚ ਮੂੰਹ ਨਾ ਮਾਰਿਆ ਹੁੰਦਾ ਤਾਂ ਹੋਰ ਵੀ ਮਜਾ ਆਉਂਦਾ।

* * * *

– ਮੀਨਾਕਸ਼ੀ ਆਨੰਦ (ਕਾਨਪੁਰ)

ਹਵਾਲਦਾਰ – ਸਰ ਕੱਲ ਕੈਦੀਆਂ ਨੇ ਜ਼ੇਲ ਵਿਚ ਰਾਮ ਲੀਲਾ ਪੇਸ਼ ਕੀਤੀ।

ਇੰਸਪੈਕਟਰ – ਚੰਗਾ, ਇਹ ਤਾਂ ਬਹੁਤ ਚੰਗੀ ਗੱਲ ਹੈ।

ਹਵਾਲਦਾਰ – ਲੇਕਿਨ ਸਰ ਜੋ ਕੈਦੀ ਹਨੂਮਾਨ ਬਣ ਕੇ ਸੰਜੀਵਨੀ ਬੂਟੀ ਲੈਣ ਲਈ ਗਿਆ ਸੀ ਉਹ ਅਜੇ ਤਕ ਵਾਪਿਸ ਨਹੀਂ ਆਇਆ।

* * * *

ਨਾਵਲਕਾਰ : ਇਕ ਨਾਵਲ ਲਿਖਣ ਵਿਚ ਮੈਨੂੰ ਪੂਰਾ ਸਾਲ ਲਗ ਜਾਂਦਾ ਹੈ।

ਮਿੱਤਰ : ਨਾਵਲ ਲਿਖਣਾ ਸਮਝੋ ਵਕਤ ਬਰਬਾਦ ਕਰਨਾ ਹੈ। ਵੀਹ ਰੁਪਏ ਵਿਚ ਤਾਂ ਲਿਖਿਆ ਲਿਖਾਇਆ ਨਾਵਲ ਮਿਲ ਜਾਂਦਾ ਹੈ।

– ਦਲਜੀਤ (ਬਟਾਲਾ)

ਰੇਲ ਗੱਡੀ ਦਾ ਸਫ਼ਰ ਕਰਦੇ ਸਮੇਂ ਇਕ ਸੱਜਣ ਲੇਟੇ ਹੋਏ ਸੇਠ ਦੇ ਢਿੱਡ ਤੇ ਹੱਥ ਲਗਾ ਕੇ ਬੋਲੇ – ਸ੍ਰੀਮਾਨ ਜੀ ਇਹ ਦਿੱਲੀ ਹੈ?

ਸੇਠ ਬੋਲੇ : ਨਹੀਂ, ਨਹੀਂ ਭਾਈ ਸਾਹਿਬ ਜੀ ਇਹ ਮੇਰਾ ਢਿੱਡ ਹੈ।

– ਭਾਰਤ ਭੂਸ਼ਣ (ਖਲੀਲਾਬਾਦ)

ਪੇਂਡੂ (ਰਿਕਸ਼ੇ ਵਾਲੇ ਨੂੰ) –
ਭਾਈ ਸਟੇਸ਼ਨ ਚਲੋਗੇ?
ਰਿਕਸ਼ੇ ਵਾਲਾ –
ਨਹੀਂ ਤੁਸੀਂ ਜਾਉ, ਮੈਂ ਚਲ ਪਿਆ ਤਾਂ ਰਿਕਸ਼ਾ ਕੌਣ ਚਲਾਏਗਾ?

* * * *

– ਆਨੰਦ ਪ੍ਰਕਾਸ਼ (ਰਿਠਾਲ)

ਰਾਹੁਲ : ਪਿੰਕੀ ! ਤੂੰ ਮੋਟੀ ਹੁੰਦੀ ਜਾ ਰਹੀ ਹੈ। ਆਪਣਾ ਵਜਨ ਘਟਾਉਣ ਲਈ ਤੂੰ ਕੁਝ ਕਰਦੀ ਕਿਉਂ ਨਹੀਂ ਹੈ?
ਪਿੰਕੀ – ਪਿਛਲੇ ਤਿੰਨ ਮਹੀਨੇ ਤੋਂ ਕੋਸ਼ਿਸ਼ ਤਾਂ ਕਰ ਰਹੀ ਹਾਂ।
ਰਾਹੁਲ – ਕੀ ਕਰ ਰਹੀ ਹੈ?
ਪਿੰਕੀ – ਲਗਾਤਾਰ ਸਵੇਰੇ-ਸ਼ਾਮ ਘੁੜਸਵਾਰੀ ਕਰ ਰਹੀ ਹਾਂ।
ਰਾਹੁਲ – ਕੀ ਕੁਝ ਫਰਕ ਪਿਆ?
ਪਿੰਕੀ – ਹਾਂ ਘੋੜੇ ਦਾ ਵਜਨ ਘੱਟ ਗਿਆ।

* * * *

– ਭੁਪਿੰਦਰ ਧਵਨ (ਲੁਧਿਆਣਾ)

ਮੈਨੇਜਰ – (ਬਬਲੂ ਨੂੰ)
ਤੈਨੂੰ ਇਹ ਨਹੀਂ ਪਤਾ ਕਿ ਕਿਸੇ ਦੇ ਵੀ ਦਫ਼ਤਰ ਵਿਚ ਜਾਣ ਤੋਂ ਪਹਿਲਾਂ ਇਜ਼ਾਜਤ ਲੈਣੀ ਚਾਹੀਦੀ ਹੈ?
ਬਬਲੂ –
ਸਰ, ਮੈਂ ਤੁਹਾਡੀ ਇਜਾਜਤ ਲੈਣ ਲਈ ਹੀ ਤਾਂ ਤੁਹਾਡੇ ਕੋਲ ਆਇਆ ਹਾਂ।

* * * *

– ਪ੍ਰੀਤ ਸੈਦਪੁਰੀ (ਰੋਪੜ)

ਪਿਤਾ – ਬੇਟਾ ਪੇਪਰ ਕਿਸ ਤਰ੍ਹਾਂ ਹੋਇਆ?
ਬੇਟਾ – ਬਸ ਪਹਿਲਾ ਸਵਾਲ ਛੁੱਟ ਗਿਆ।
ਪਿਤਾ – ਚੰਗਾ ਬਾਕੀ
ਬੇਟਾ – ਤੀਜਾ ਮੈਨੂੰ ਆਉਂਦਾ ਨਹੀਂ ਸੀ। ਚੌਥਾ ਮੈਂ ਕਰਨਾ ਭੁੱਲ ਗਿਆ। ਪੰਜਵਾਂ ਮੈਨੂੰ ਨਜ਼ਰ ਨਹੀਂ ਆਇਆ ਅਤੇ ਛੇਵਾਂ ਪੇਪਰ ਦੇ ਪਿਛਲੇ ਪਾਸੇ ਸੀ ਜੋ ਮੈਂ ਵੇਖਿਆ ਨਹੀਂ।
ਪਿਤਾ – (ਗੁੱਸੇ ਵਿਚ ਬੋਲਿਆ) ਅਤੇ ਦੂਜਾ
ਬੇਟਾ – ਸਿਰਫ ਉਹੀ ਤਾਂ ਗਲਤ ਹੋਇਆ ਹੈ।

* * * *

– ਮੋਹਨ ਸਿੰਘ (ਮਹਿਤਪੁਰ)

❑ ਭੀਮ ਸੈਨ ਸਿਹਾਲ

# ਆ ਗਏ ਪੱਕੇ ਪੇਪਰ

ਆ ਗਏ ਪੱਕੇ ਪੇਪਰ, ਜ਼ਿੰਦਗੀ ਦਾ ਸਵਾਲ ਬੱਚਿਉ।
ਟੀ.ਵੀ ਅਤੇ ਮੋਬਾਈਲ ਵਲ, ਨਾ ਰੱਖੋ ਖਿਆਲ ਬੱਚਿਉ।

ਮੋਬਾਈਲ ਅਤੇ ਟੀ.ਵੀ ਨੇ ਨਾ ਜੀਵਨ ਸਫਲ ਬਣਾਉਣਾ,
ਜ਼ਿੰਦਗੀ ਵਿਚ ਤਾਂ ਕੰਮ ਪੜ੍ਹਾਈ ਨੇ ਹੀ ਆਉਣਾ।
ਅਨਪੜ੍ਹ ਬੰਦੇ ਦਾ ਹੁੰਦਾ ਬੁਰਾ ਹਾਲ ਬੱਚਿਉ,
ਟੀ.ਵੀ ਅਤੇ ਮੋਬਾਈਲ ਵਲ ਨਾ ਰੱਖੋ ਖਿਆਲ ਬੱਚਿਉ।

ਜੀਹਦਾ ਪੜ੍ਹਾਈ ਵੱਲ ਧਿਆਨ, ਬਣੇ ਉਹ ਮਹਾਨ,
ਕਰਨ ਹਰ ਥਾਂ ਤਰੱਕੀ, ਬਣਨ ਵੱਖਰੀ ਪਹਿਚਾਣ।
ਕਦੇ ਛੱਡੋ ਨਾ ਪੜ੍ਹਾਈ, ਗਰਮੀ ਜਾਂ ਸਿਆਲ ਬੱਚਿਉ।
ਟੀ.ਵੀ ਅਤੇ ਮੋਬਾਈਲ ਵਲ ਨਾ ਰੱਖੋ ਖਿਆਲ ਬੱਚਿਉ।

ਜ਼ਿੰਦਗੀ ਸਫਲ ਬਣਾਉਣੀ, ਕਰੋ ਦੱਬ ਕੇ ਪੜ੍ਹਾਈ,
ਪੜ੍ਹੋ ਸੁਬਹ ਸ਼ਾਮ, ਹੋਣੀ ਦੁਨੀਆ ਚ ਚੜ੍ਹਾਈ।
ਘੁੰਮੋ ਜਿੱਥੇ ਮਰਜ਼ੀ, ਪੜ੍ਹਾਈ ਰਹਿਣੀ ਸਦਾ ਨਾਲ ਬੱਚਿਉ,
ਟੀ ਵੀ ਅਤੇ ਮੋਬਾਈਲ ਵਲ ਨਾ ਰੱਖੋ ਖਿਆਲ ਬੱਚਿਉ।

ਪੜ੍ਹਾਈ-ਚੋਰਾਂ ਨੇ ਤਾਂ ਸਦਾ ਠੋਕਰਾਂ ਹੀ ਖਾਧੀਆਂ,
ਪੜ੍ਹਾਈ ਤੋ ਬਗੈਰ ਨਾ ਹੋਣੀਆਂ ਅਜ਼ਾਦੀਆਂ।
'ਭੀਮ' ਮਿਲਣੀਆਂ ਸਭ ਤੋਂ ਝਿੜਕਾਂ,
ਬਰਬਾਦ ਹੋਊ ਸਾਲ ਬੱਚਿਉ।
ਟੀ.ਵੀ ਅਤੇ ਮੋਬਾਈਲ ਵਲ,
ਨਾ ਰੱਖੋ ਖਿਆਲ ਬੱਚਿਉ।



ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਪ੍ਰਸ਼ਨਾਂ ਦੇ ਉੱਤਰ 'ਰ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉੱਤਰ ਲਿਖਦੇ ਜਾਉ।)

1) ਅਮਰੀਕਾ ਦੀ ਮੁਦਰਾ ਕਿਹੜੀ ਹੈ?
2) 'ਭਾਰਤ ਰਤਨ' ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਗਾਇਕਾ ਕੌਣ ਹੈ?
3) ਰੋਮੀਉ ਐਂਡ ਜੂਲੀਅਟ ਦਾ ਲੇਖਕ ਕੌਣ ਸੀ?
4) ਸਰਸਵਤੀ ਦਾ ਵਾਹਨ ਕਿਹੜਾ ਹੈ?
5) ਝਾਰਖੰਡ ਰਾਜ ਪਹਿਲਾਂ ਕਿਸ ਭਾਰਤੀ ਰਾਜ ਦਾ ਹਿੱਸਾ ਸੀ?
6) ਏਸ਼ੀਆਈ ਖੇਡਾਂ ਦਾ ਆਯੋਜਨ ਕਿਤਨੇ ਸਾਲ ਬਾਅਦ ਹੁੰਦਾ ਹੈ?
7) ਕਿਸ ਨਦੀ ਨੂੰ 'ਬੰਗਾਲ ਦਾ ਸ਼ੋਗ' ਕਹਿੰਦੇ ਹਨ?
8) ਦੁੱਧ ਦੀ ਸ਼ੁੱਧਤਾ ਦੀ ਜਾਂਚ ਕਰਨ ਵਾਲੇ ਯੰਤਰ ਨੂੰ ਕੀ ਕਹਿੰਦੇ ਹਨ?
9) ਕਿਹੜਾ ਪਾਕਿਸਤਾਨੀ ਕ੍ਰਿਕਟਰ ਰਾਵਲਪਿੰਡੀ ਐਕਸਪ੍ਰੈਸ ਦੇ ਨਾਂ ਤੇ ਮਸ਼ਹੂਰ ਹੈ?
10) ਕਿਸ ਮਹੀਨੇ ਦੀ ਦੋ ਤਾਰੀਖ ਨੂੰ 'ਅੰਤਰਰਾਸ਼ਟਰੀ ਅਹਿੰਸਾ ਦਿਵਸ' ਕਹਿੰਦੇ ਹਨ?
11) ਭਾਰਤ ਦੇ ਰਾਸ਼ਟਰਗਾਨ ਦੇ ਲੇਖਕ ਕੌਣ ਸਨ?
12) ਅਕਬਰ ਦੇ ਦਾਦਾ ਦਾ ਕੀ ਨਾਂ ਸੀ?
13) ਪੰਡਿਤ ਸ਼ਿਵਕੁਮਾਰ ਸ਼ਰਮਾਂ ਕਿਸ ਸੰਗੀਤ ਯੰਤ੍ਰ ਨਾਲ ਸਬੰਧਿਤ ਹਨ?
14) ਰਾਜਸਥਾਨ ਦੇ ਕਿਸ ਸ਼ਹਿਰ ਨੂੰ 'ਝੀਲਾਂ ਦਾ ਸ਼ਹਿਰ' ਕਿਹਾ ਜਾਂਦਾ ਹੈ?
15) ਉਤਰਾਖੰਡ ਦੇ ਕਿਸ ਸ਼ਹਿਰ ਵਿਚ 'ਹਰ ਕੀ ਪੌੜੀ' ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

ਚਿੱਤਰਕਾਰ ਅਤੇ ਲੇਖਕ -
ਅਜੈ ਕਾਲੜਾ




ਵਾਹ ! ਕਿੰਨੀ ਸੁੰਦਰ ਜਗ੍ਹਾ ਹੈ ਅਤੇ ਇਥੇ ਕਿੰਨੀ ਸਾਰੀ ਬਰਫ ਵੀ ਪਈ ਹੈ।
ਹਾਂ ਪੁੱਤਰ ! ਸ਼ਿਮਲਾ ਵਿਚ ਇਸੇ ਤਰ੍ਹਾਂ ਬਰਫ ਪੈਂਦੀ ਹੈ।
ਕਿਉਂ ਨਾ ਅਸੀਂ ਵੱਡਾ ਸਾਰਾ snowman ਬਣਾਈਏ?
ਨਹੀਂ ਨਹੀਂ ਅਸੀਂ ਬਰਫ ਦਾ ਘਰ ਬਣਾਂਵਾਂਗੇ ਜਿਸ ਵਿਚ ਅਸੀਂ ਸਾਰੇ ਬੈਠ ਕੇ ਬਰਗਰ ਪਿੱਜ਼ਾ, ਕੋਲਡ ਡ੍ਰਿੰਕ ਆਦਿ ਖਾ ਪੀ ਸਕਾਂਗੇ।
ਹੁਣ ਅਸੀਂ ਸਭ ਮਿਲ ਕੇ ਬਰਫ ਇਕੱਠੀ ਕਰਦੇ ਹਾਂ।
ਆਉ ਕਿੱਟੀ ਅਸੀਂ ਸਾਰੇ ਮਿਲ ਕੇ ਬਰਫ ਦਾ ਘਰ ਬਣਾਈਏ।
ਮੈਂ ਤਾਂ snowman ਹੀ ਬਣਾਵਾਂਗੀ।


ਅਰੇ ! ਕਿੱਟੀ ਤੂੰ ਇਥੇ ਬੈਠ ਕੇ ਕੀ ਕਰ ਰਹੀ ਹੈ?
ਜਾ ਆਪਣਾ snowman ਬਣਾ।
ਦੇਖੋ ! ਮੇਰਾ snowman ਕਿੰਨਾ ਅੱਛਾ ਬਣਿਆ ਹੈ।
ਕਿੱਟੀ ! ਬਰਫ ਦਾ ਘਰ ਬਣਾਉਣ ਵਿਚ ਸਾਡੀ ਮਦਦ ਕਰੋ।


ਚਲੋ ਹੁਣ ਮੈਂ ਤੁਹਾਡੀ ਮਦਦ ਕਰਦੀ ਹਾਂ।
ਅਰੇ ਵਾਹ ! ਤੁਹਾਡਾ ਘਰ ਤਾਂ ਬਹੁਤ ਸੁਹਣਾ ਬਣਿਆ ਹੈ।
ਆਉ ਅਸੀ ਸਾਰੇ ਮਿਲ ਕੇ ਆਪਣੇ ਨਵੇ ਘਰ ਦੇ ਨਾਲ ਫੋਟੋ ਖਿਚਦੇ ਹਾਂ।
cheeze......

❑ ਕੁਲਦੀਪ ਭਾਗਸਿੰਘ ਵਾਲਾ

# ਸ਼ੇਰ ਅਤੇ

ਹੋਇਆ ਜਦ ਤੋਂ ਬੁੱਢਾ ਸ਼ੇਰ,
ਤੁਰ ਫਿਰ ਸਕੇ ਨਾ ਬਹੁਤੀ ਦੇਰ।

ਜਾਨਵਰਾਂ ਰਲ ਮਤਾ ਪਕਾਇਆ,
ਬਾਂਦਰ ਦੇ ਸਿਰ ਤਾਜ ਸਜਾਇਆ।

ਜੰਗਲ ਦਾ ਰਾਜਾ ਬਣਿਆ ਬਾਂਦਰ,
ਖੁਸ਼ੀ 'ਚ ਉਚੀ ਮਾਰੇ ਚਾਂਗਰ।

ਗਿੱਦੜ ਨੇ ਜਾ ਸ਼ੇਰ ਨੂੰ ਦੱਸਿਆ,
ਸ਼ੇਰ ਦਾ ਬੜਾ ਕਲੇਜਾ ਮੱਚਿਆ।




ਸ਼ੇਰ ਨੂੰ ਬੜਾ ਸੀ ਗੁੱਸਾ ਚੜਿਆ,
ਲੂੰਬੜੀ ਦਾ ਉਹਨੇ ਬੱਚਾ ਫੜਿਆ।

ਛੁਡਾ ਸਕਦੈ ਤਾਂ ਲਏ ਛੁਡਾ,
ਬੱਚੇ ਨੂੰ ਕੋਲ ਲਿਆ ਬਿਠਾ।

ਲੂੰਬੜੀ ਭੱਜੀ ਗਈ ਬਾਂਦਰ ਕੋਲ,
ਉਚੀ-ਉਚੀ ਰਹੀ ਸੀ ਬੋਲ।

# ਬਾਂਦਰ



ਬਾਂਦਰਾ ! ਮੇਰਾ ਬੱਚਾ ਛੁਡਾ,
ਸ਼ੇਰ ਜਾਊਗਾ ਉਸ ਨੂੰ ਖਾ।

ਬਾਂਦਰ ਸੁਣਿਆਂ ਸ਼ੇਰ ਦਾ ਨਾਂ,
ਰੁੱਖ ਤੋਂ ਹੇਠਾਂ ਆਵੇ, ਤੇ ਜਾਵੇ ਉਤਾਂਹ।

ਬਾਂਦਰ ਦੇ ਗਏ ਸਾਹ ਸੀ ਸੂਤੇ,
ਪਲੀ ਪਲੀ ਪਿਆ ਬਾਂਦਰ ਮੂਤੇ।

ਲੂੰਬੜੀ ਕਹਿੰਦੀ ਕੀ ਪਿਆਂ ਕਰਦੈਂ,
ਰੁੱਖ ਤੋਂ ਉਤਰੇਂ, ਰੁੱਖ ਤੇ ਚੜਦੈਂ।


ਮਸਾਂ ਮਸਾਂ ਹੁਣ ਬਾਂਦਰ ਬੋਲਿਆ,
ਸਾਹ ਬਾਂਦਰ ਦਾ ਪਿਆ ਸੀ ਫੁੱਲਿਆ।

ਸ਼ੇਰ ਨਾਲ ਪੰਗਾ ਲਿਆ ਨਹੀਂ ਜਾਂਦਾ,
ਆਪਣਾ ਤਾਂ ਹੈ ਮਨ ਘਬਰਾਂਦਾ।

ਜਾ ਲੂੰਬੜੀਏ ਆਪਣੇ ਘਰ,
ਜਾ ਕੇ ਸ਼ੇਰ ਦੀ ਮਿੰਨਤ ਕਰ।

ਐਵੇਂ ਨਾ ਐਥੇ ਟਾਈਮ ਗਵਾ,
ਤੁਰ ਜਾ ਸ਼ੇਰ ਕੋਲ ਜਲਦੀ ਜਾ।

'ਕੁਲਦੀਪ' ਤੂੰ ਆਪਣਾ ਬੱਚਾ ਬਚਾ,
ਬਾਂਦਰ ਨਹੀਂ, ਸ਼ੇਰ ਹੈ ਰਾਜਾ।



ਸਮੀਰ ਚੌਧਰੀ

# ਬਨਾਰਸ

## ਜਿਥੇ ਤੁਲਸੀਦਾਸ ਜੀ ਨੇ ਲਿਖੀ ਸੀ ਰਾਮਚਰਿਤਮਾਨਸ

ਭਾਰਤ ਦੀ ਪਵਿੱਤਰ ਨਦੀ ਗੰਗਾ ਦੇ ਕਿਨਾਰੇ ਵੱਸਿਆ ਬਨਾਰਸ ਸਦੀਆਂ ਤੋਂ ਹੀ ਲੋਕਾਂ ਦੇ ਆਕਰਸ਼ਣ ਦਾ ਕੇਂਦਰ ਰਿਹਾ ਹੈ। ਇਹ ਉਹ ਪਵਿੱਤਰ ਭੂਮੀ ਹੈ, ਜਿਸ ਦੇ ਕਣ-ਕਣ ਵਿਚ ਤੁਲਸੀਦਾਸ ਬਿਰਾਜਦੇ ਹਨ। ਬਨਾਰਸ ਦਾ ਸਭ ਤੋਂ ਵੱਡਾ ਆਕਰਸ਼ਣ ਗੰਗਾ ਨਦੀ ਤੇ ਬਣੇ ਉਹ ਆਰਕਸ਼ਕ ਘਾਟ ਹਨ ਜਿਨ੍ਹਾਂ ਨੂੰ ਵੱਖ-ਵੱਖ ਸ਼ਾਸਕਾਂ ਨੇ ਆਪਣੇ-ਆਪਣੇ ਸ਼ਾਸਨ ਕਾਲ ਵਿਚ ਬਣਾਇਆ।

ਕੋਈ ਜੇਕਰ ਬਨਾਰਸ ਜਾਵੇ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਉਹਨਾਂ ਘਾਟਾਂ ਵਿਚ ਇਕ ਘਾਟ ਇਹੋ ਜਿਹਾ ਵੀ ਹੈ, ਜਿਸਦੇ ਬਾਰੇ ਕਿਹਾ ਜਾਂਦਾ ਹੈ ਕਿ ਤੁਲਸੀਦਾਸ ਨੇ ਇਥੇ 'ਰਾਮਚਰਿਤਮਾਨਸ' ਦੀ ਰਚਨਾ ਕੀਤੀ ਸੀ। ਇਹ ਘਾਟ ਹੋਰ ਘਾਟਾਂ ਦੀ ਤੁਲਨਾ ਵਿਚ ਥੋੜ੍ਹਾ ਉੱਚਾ ਅਤੇ ਵੱਖਰਾ ਦਿਸਦਾ ਹੈ। ਇਸ ਥਾਂ ਦੇ ਬਾਰੇ ਕਿਹਾ ਜਾਂਦਾ ਹੈ ਕਿ 'ਰਾਮਚਰਿਤਮਾਨਸ' ਰਚਣ ਵਾਲੇ ਸੰਤ, ਕਵੀ ਅਤੇ ਲੇਖਕ ਤੁਲਸੀਦਾਸ 16ਵੀਂ ਸ਼ਤਾਬਦੀ ਵਿਚ ਇਥੇ ਹੀ ਰਹਿੰਦੇ ਸਨ ਅਤੇ ਉਹ ਇਸੇ ਘਾਟ ਤੇ ਬੈਠ ਕੇ ਆਪਣਾ ਗ੍ਰੰਥ ਰਾਮਚਰਿਤਮਾਨਸ ਲਿਖਦੇ ਰਹਿੰਦੇ ਸਨ। ਰਾਮ ਮੰਦਰ ਵੀ ਇਥੇ ਹੀ ਬਣਾਇਆ ਗਿਆ। ਇਥੋਂ ਥੋੜੀ ਦੂਰ ਗਲੀ ਵਿਚ ਤੁਲਸੀਦਾਸ ਜੀ ਦਾ ਘਰ ਹੈ, ਜਿਸ ਦਾ ਕੁਝ ਅਲੱਗ ਹੀ ਮਹੱਤਵ ਹੈ। ਗਲੀਆਰਾਨੁਮਾ ਪ੍ਰਵੇਸ਼ ਦੁਆਰ ਪਾਰ ਕਰਦੇ ਹੀ ਅੰਦਰ ਇਕ ਮੰਦਰ ਬਣਿਆ ਹੋਇਆ ਹੈ ਜਿਥੇ ਹਨੂਮਾਨ ਜੀ ਦੀ ਮੂਰਤੀ ਸਥਾਪਿਤ ਹੈ। ਮੂਰਤੀ ਦੇ ਸਾਹਮਣੇ ਸੰਗਮਰਮਰ ਦਾ ਚਬੂਤਰਾ ਹੈ, ਜਿਸ ਉਤੇ ਚਿੱਟੇ ਮਾਰਬਲ ਨਾਲ ਬਣੀਆਂ ਤੁਲਸੀਦਾਸ ਦੀਆਂ ਖੜਾਵਾਂ ਹਨ। ਇਥੇ ਉਹ ਆਪਣਾ ਜਿਆਦਾਤਰ ਸਮਾਂ ਰਾਮ ਦੀ ਪੂਜਾ ਕਰਨ ਵਿਚ ਬਿਤਾਉਂਦੇ ਸਨ ਅਤੇ ਇਥੇ ਹੀ ਉਹਨਾਂ ਨੇ ਰਾਮਚਰਿਤਮਾਨਸ ਨੂੰ ਪੂਰਾ ਕੀਤਾ ਸੀ।

ਇਥੇ ਬਾਲਕਨੀ ਦੇ ਅੰਤ ਵਿਚ ਸ੍ਰੀ ਰਾਮ ਮੰਦਿਰ ਹੈ। ਸ੍ਰੀ ਰਾਮ ਅਤੇ ਤੁਲਸੀਦਾਸ ਬਨਾਰਸ ਦੀ ਜੀਵਿਤ ਪਰੰਪਰਾ ਦਾ ਬੇਜੋੜ ਹਿੱਸਾ ਹਨ। ਇਸ ਗੱਲ ਨੂੰ ਅਨੁਭਵ ਕਰਨ ਦੀ ਸਭ ਤੋਂ ਵਧੀਆ ਥਾਂ ਤੁਲਸੀ ਮਾਨਸ ਮੰਦਰ ਹੈ, ਜੋ ਕਿ ਠੀਕ ਬਨਾਰਸ ਦੇ ਵਿਚਕਾਰ ਹੈ। ਮੰਦਰ ਦੇ ਬਾਹਰ ਇਕ ਸ਼ਾਨਦਾਰ ਚਿੱਟੇ ਸੰਗਮਰਮਰ ਦਾ ਚਬੂਤਰਾ ਹੈ। ਇਹ ਕਿਹਾ ਜਾਂਦਾ ਹੈ ਕਿ ਇਸ ਦਾ ਨਿਰਮਾਣ 20ਵੀਂ ਸ਼ਤਾਬਦੀ ਦੇ ਅੱਧ ਵਿਚ ਸ੍ਰੀ ਰਾਮ ਦੇ ਭਗਤ ਤੁਲਸੀਦਾਸ ਜੀ ਦੇ ਸਨਮਾਨ ਵਿਚ ਕੀਤਾ ਗਿਆ ਸੀ। ਇਥੋਂ ਥੋੜਾ ਅੱਗੇ ਵੱਡਾ ਮੁੱਖ ਹਾਲ ਹੈ। ਸੱਜੇ ਪਾਸੇ_ਪਲਾਸਟਿਕ ਨਾਲ ਬਣੀ ਹੋਈ ਤੁਲਸੀਦਾਸ ਦੀ ਮੂਰਤੀ ਹੈ, ਅਤੇ ਉਹ ਬੈਠੇ ਹੋਏ ਆਪਣੇ ਮਹਾਂਕਾਵਿ ਦੇ ਪੰਨੇ ਪਲਟ ਰਹੇ ਹਨ ਅਤੇ ਰਾਮ ਰਾਮ' ਜਪ ਰਹੇ ਹਨ। ਭਗਤ ਇਥੇ ਕੁਝ ਦੇਰ ਰੁਕਦੇ ਹਨ ਅਤੇ ਇਸ ਰੋਬੋਟਿਕ ਚਮਤਕਾਰ ਦਾ ਆਨੰਦ ਲੈਂਦੇ ਹਨ। ਦੂਜੇ ਹਾਲ ਵਿਚ ਸੀਤਾ, ਸ੍ਰੀ ਰਾਮ ਅਤੇ ਲਛਮਣ ਦੀਆਂ ਮੂਰਤੀਆਂ ਸਥਾਪਿਤ ਹਨ। ਭਗਤ ਆਪਣੇ ਪਿਆਰੇ ਸ੍ਰੀ ਰਾਮ ਦੇ ਦਰਸ਼ਨ ਕਰਕੇ ਖੁਸ਼ ਹੁੰਦੇ ਹਨ। ਮੰਦਿਰ ਤੋਂ ਪਹਿਲਾਂ ਪੂਰੀ ਰਾਮਚਰਿਤਮਾਨਸ ਦੀਵਾਰ ਉਤੇ ਲੱਗੇ ਮਾਰਬਲ ਪੈਨਲਾਂ ਉਤੇ ਖੁਦੀ ਹੋਈ ਹੈ। ਗਲਿਆਰੇ ਦੇ ਅੰਤ ਵਿਚ ਜੋ ਮਿਊਜ਼ੀਅਮ ਹੈ, ਉਸ ਵਿਚ ਰਾਮਾਇਣ ਦੇ ਬਹੁਤ ਸਾਰੇ ਦ੍ਰਿਸ਼ ਹਨ, ਜਿਨ੍ਹਾਂ ਨੂੰ ਮਸ਼ੀਨਾਂ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ। ਉਹਨਾਂ ਨੂੰ ਵੇਖ ਕੇ ਲਗਦਾ ਹੈ ਕਿ ਜਿਵੇਂ ਉਹ ਹੁਣੇ ਜਿੰਦਾ ਹੋ ਜਾਣਗੇ। ■




- ਤੁਲਸੀ ਦੀ ਪੱਤੀਆਂ ਦਾ ਰਸ ਅਤੇ ਨਿੰਬੂ ਦਾ ਰਸ ਮਿਲਾ ਕੇ ਲਗਾਉਣ ਨਾਲ ਦਾਦ ਅਤੇ ਖੁਜਲੀ ਠੀਕ ਹੋ ਜਾਂਦੀ ਹੈ।
- ਅਫਾਰਾ ਹੋਣ ਤੇ ਇਕ ਚੁਟਕੀ ਅਜਵਾਇਣ ਗਰਮ ਪਾਣੀ ਨਾਲ ਲਓ, ਆਰਾਮ ਮਿਲੇਗਾ।
- ਥੋੜੇ ਜਿਹੇ ਪਾਣੀ ਵਿਚ ਨਿੰਬੂ ਦਾ ਰਸ ਪਾ ਕੇ ਦੰਦ ਸਾਫ ਕਰਨ ਨਾਲ ਦੰਦ ਚਮਕਣ ਲਗਦੇ ਹਨ।
- ਕੱਚ ਦੀ ਕੋਈ ਵੀ ਚੀਜ਼ ਗੰਦੀ ਹੋਣ ਤੇ ਹਲਕਾ ਨਮਕ ਲਗਾ ਕੇ ਮਲਣ ਨਾਲ ਸਾਫ ਹੋ ਜਾਵੇਗੀ।
- ਕੱਟੇ ਹੋਏ ਥਾਂ ਸ਼ਹਿਦ ਲਾਉਣ ਨਾਲ ਖ਼ੂਨ ਵਹਿਣਾ ਰੁਕ ਜਾਂਦਾ ਹੈ।
- ਆਂਵਲਾ ਦਿਮਾਗ ਨੂੰ ਤਰਾਵਟ ਦਿੰਦਾ ਹੈ ਅਤੇ ਮਸਤਕ ਦੀਆਂ ਕੋਸ਼ਿਕਾਵਾਂ ਤੇਜ ਚਲਦੀਆਂ ਹਨ।
- ਤਿਲ ਦੇ ਬੀਜ ਮਸਤਕ ਵਿਚ ਵਸਾ ਦੀ ਪੂਰਤੀ ਕਰਦੇ ਹਨ।
- ਘਿਉ ਮਸਤਕ ਨੂੰ ਪੋਸ਼ਣ ਦਿੰਦਾ ਹੈ ਪਰ ਜਿਆਦਾ ਅਧਿਕ ਮਾਤਰਾ ਵਿਚ ਨਹੀਂ ਇਸਤੇਮਾਲ ਕਰਨਾ ਚਾਹੀਦਾ।
- ਖੂਹੀਆਂ ਅਤੇ ਖੂਹਾਂ ਵਿਚੋਂ ਪਾਣੀ ਕੱਢਣ ਵਾਲੇ ਬਰਤਨ ਨੂੰ ਡੋਲ ਕਹਿੰਦੇ ਹਨ।
- ਛੋਟੇ ਮੁੰਡਿਆਂ ਦੇ ਲੱਕ ਦੁਆਲੇ ਮਣਕੇ, ਘੁੰਗਰੂ ਜਾਂ ਕੌਡੀਆਂ ਪਰੋ ਕੇ ਬੰਨੇ ਕਾਲੇ ਰੰਗ ਦੇ ਧਾਗੇ ਨੂੰ ਤੜਾਗੀ ਕਹਿੰਦੇ ਹਨ।
- ਗਊਆਂ ਦੇ ਸਮੂਹ ਨੂੰ ਵੱਗ ਕਹਿੰਦੇ ਹਨ।
- ਰੇਸ਼ਮ ਦੀ ਪੱਗ ਨੂੰ ਟਸਰੀ ਕਿਹਾ ਜਾਂਦਾ ਹੈ।
- ਸਣ ਜਾਂ ਸੂਤ ਦੀ ਰੱਸੀ ਵੱਟਣ ਵਾਲੇ ਲੱਕੜ ਦੇ ਬਣੇ ਮੰਤਰ ਨੂੰ ਢੇਰਨਾ ਕਿਹਾ ਜਾਂਦਾ ਹੈ।
- ਬਾਸ ਦੀ ਲੰਮੀ ਡਾਂਗ ਦੇ ਇਕ ਸਿਰੇ ਤੇ ਲੋਹੇ ਦੀ ਤੇਜਧਾਰ ਫਾਲ ਨੂੰ ਗੰਡਾਸੀ ਕਹਿੰਦੇ ਹਨ।
- ਬੱਕਰੇ ਜਾਂ ਭੇਡ ਦੀ ਖੱਲ ਨੂੰ ਸਿਉਂ ਦੇ ਪਾਣੀ ਭਰਨ ਲਈ ਬਣਾਈ ਵਸਤੂ ਨੂੰ ਮਸ਼ਕ ਕਹਿੰਦੇ ਹਨ।

ਸੰਗ੍ਰਹਿਕਰਤਾ
– ਗੁਰਦੇਵ ਸਿੰਘ



ਬਾਲ ਕਹਾਣੀ - ਸੁਰਿੰਦਰ ਸਿੰਘ

# ਪਛਤਾਵੇ ਦੇ ਹੰਝੂ


**ਪਿਆਰੇ ਬੱਚਿਉ !** ਪੰਜਾਬ ਦੇ ਇਕ ਪਿੰਡ ਵਿਚ ਗੁਰਕੀਰਤ ਸਿੰਘ ਨਾਂ ਦਾ ਇਕ ਨੌਜਵਾਨ ਰਹਿੰਦਾ ਸੀ, ਜੋ ਮਕਾਨ ਬਣਾਉਣ ਵਾਲੇ ਰਾਜ ਮਿਸਤਰੀਆਂ ਨਾਲ ਇੱਟਾਂ-ਸੀਮੈਂਟ ਢੋਣ ਦੀ ਮਜ਼ਦੂਰੀ ਦਾ ਕੰਮ ਕਰਦਾ ਸੀ। ਇਕ ਦਿਨ ਜਦੋਂ ਉਹ ਆਪਣੀ ਸਾਈਕਲ ਉਤੇ ਦੂਸਰੇ ਪਿੰਡ ਮਜ਼ਦੂਰੀ ਦਾ ਕੰਮ ਕਰਨ ਲਈ ਜਾ ਰਿਹਾ ਸੀ ਤਾਂ ਉਸ ਨੂੰ ਕੁਝ ਨੌਜਵਾਨ ਆਪਣੇ ਸਾਈਕਲਾਂ ਤੇ ਸ਼ਹਿਰ ਕਾਲਿਜ ਨੂੰ ਪੜ੍ਹਨ ਜਾਂਦੇ ਮਿਲੇ। ਉਹ ਉਹਨਾਂ ਨਾਲ ਗੱਲੀ ਪੈ ਗਿਆ। ਉਹ ਨੌਜਵਾਨ ਸ਼ਹਿਰ ਚਲੇ ਗਏ ਅਤੇ ਉਹ ਕੰਮ ਵਾਲੇ ਥਾਂ ਵਲ ਮੁੜ ਗਿਆ। ਅਚਾਨਕ ਉਸ ਦਾ ਮਨ ਉਦਾਸ ਹੋ ਗਿਆ; ਅਤੇ ਕੁਝ ਸੋਚ ਕੇ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸ ਦੇ ਉਸਤਾਦ ਰਾਜ ਮਿਸਤਰੀ ਨੇ ਜਦੋਂ ਉਸ ਦੀਆਂ ਅੱਖਾਂ ਵਿਚ ਹੰਝੂ ਵੇਖੇ ਤਾਂ ਉਸ ਨੇ ਇਸ ਦਾ ਕਾਰਨ ਪੁੱਛਿਆ। ਪਹਿਲਾਂ ਤਾਂ ਉਸ ਨੇ ਟਾਲ-ਮਟੋਲ ਕੀਤੀ। ਜਦੋਂ ਉਸਤਾਦ ਨੇ ਫਿਰ ਪਿਆਰ ਨਾਲ ਪੁੱਛਿਆ ਤਾਂ ਉਹ ਅੱਖਾਂ ਵਿਚ ਆਏ ਹੰਝੂਆਂ ਦਾ ਕਾਰਨ ਦੱਸਣ ਲਈ ਮਜਬੂਰ ਹੋ ਗਿਆ। ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਕ ਵਾਰ ਫਿਰ ਉਸ ਦਾ ਗਲਾ ਰੋਣ ਕਰਕੇ ਭਰ ਆਇਆ। ਜਦੋਂ ਉਸਤਾਦ ਨੇ ਹਮਦਰਦੀ ਨਾਲ ਪੁੱਛਿਆ ਤਾਂ ਗੁਰਕੀਰਤ ਬੋਲਿਆ - 'ਉਸਤਾਦ ਜੀ ! ਇਹ ਹੰਝੂ ਤਾਂ ਪਛਤਾਵੇ ਦੇ ਹੰਝੂ ਹਨ। ਜਿਹੜਾ ਬੰਦਾ ਸਮੇਂ ਅਨੁਸਾਰ ਵੱਡਿਆਂ ਦਾ ਕਹਿਣਾ ਨਹੀ ਮੰਨਦਾ ਉਸ ਨੂੰ ਸਾਰੀ ਜ਼ਿੰਦਗੀ ਪਛਤਾਵੇ ਦੇ ਹੰਝੂ ਵਹਾਉਣੇ ਪੈਂਦੇ ਹਨ।'

ਗੁਰਕੀਰਤ ਨੇ ਸਾਰੀ ਕਹਾਣੀ ਵਿਸਥਾਰ ਨਾਲ ਬਿਆਨ ਕੀਤੀ ਕਿ ਕਿਵੇਂ ਮਾਤਾ-ਪਿਤਾ, ਦਾਦਾ-ਦਾਦੀ ਅਤੇ ਅਧਿਆਪਕਾਂ ਦੇ ਸਮਝਾਉਣ ਦੇ ਬਾਵਜੂਦ ਉਹ ਸਕੂਲੋਂ ਪੜ੍ਹਾਈ ਛੱਡ ਕੇ ਘਰ ਬੈਠ ਗਿਆ। ਇਥੋਂ ਤਕ ਕਿ ਉਸ ਨੇ ਸਕੂਲ ਵਿਖੇ ਦੂਜੇ ਬੱਚਿਆਂ ਸਾਹਮਣੇ ਜ਼ਹਿਰ ਦੀ ਖਾਲੀ ਸ਼ੀਸ਼ੀ ਵਿਚ ਪਾਣੀ ਭਰ ਕੇ ਪੀਤਾ ਅਤੇ ਇਹ ਡਰਾਮਾ ਕੀਤਾ ਕਿ ਉਸ ਨੇ ਜ਼ਹਿਰ ਪੀ ਲਿਆ ਹੈ। ਸਾਰੇ ਅਧਿਆਪਕਾਂ ਅਤੇ ਸਕੂਲ ਦੇ ਪ੍ਰਿੰਸੀਪਲ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਹ ਗੁਰਕੀਰਤ ਨੂੰ ਹਸਪਤਾਲ ਵਲ ਲੈ ਕੇ ਦੌੜੇ। ਹਸਪਤਾਲ ਜਾ ਕੇ ਜਦੋਂ ਡਾਕਟਰ ਨੇ ਉਸ ਨੂੰ ਪਿਆਰ ਨਾਲ ਪੁੱਛਿਆ ਕਿ ਉਸ ਨੇ ਜ਼ਹਿਰੀਲਾ ਪਾਣੀ ਕਿਉਂ ਪੀਤਾ ਤਾਂ ਉਸ ਨੇ ਦੱਸਿਆ ਕਿ ਉਸ ਨੇ ਦਵਾਈ ਖਾਣ ਦਾ ਸਿਰਫ ਨਾਟਕ ਕੀਤਾ ਹੈ। ਉਸ ਨੇ ਇਹ ਨਾਟਕ ਸਕੂਲੋਂ ਹਟਣ ਲਈ ਕੀਤਾ ਹੈ ਤਾਂ ਜੋ ਉਸ ਦੇ ਮਾਤਾ ਪਿਤਾ ਅਤੇ ਅਧਿਆਪਕ ਡਰ ਕੇ ਉਸ ਨੂੰ ਸਕੂਲ ਜਾਣ ਲਈ ਮਜਬੂਰ ਨਾ ਕਰਨ। ਉਸ ਤੋਂ ਬਾਅਦ ਉਸ ਦੇ ਪਿਤਾ ਨੇ ਉਸ ਨੂੰ ਮਜ਼ਦੂਰੀ ਦੇ ਕੰਮ ਤੇ ਲਗਾ ਦਿੱਤਾ।

ਅੱਜ ਕਾਫੀ ਸਾਲਾਂ ਬਾਅਦ ਲੜਕਿਆਂ ਨੂੰ ਕਾਲਿਜ ਜਾਂਦਿਆਂ ਦੇਖ ਕੇ ਉਸ ਨੂੰ ਪਤਾ ਕੀ ਹੋਇਆ ਕਿ ਢਿੱਡ 'ਚ ਇਕ ਹੌਲ ਜਿਹਾ ਪਿਆ ਕਿ ਕਾਸ਼ ! ਉਹ ਕਾਲਿਜ ਪੜ੍ਹਨ ਜਾਂਦਾ ਅਤੇ ਅਫਸਰ ਬਣਦਾ । ਫਿਰ ਗੁਰਕੀਰਤ ਕਿਸੇ ਤੋਂ ਸੁਣੀ 'ਅਬ ਪਛਤਾਏ ਕਿਆ ਹੋਤ' ਕਹਾਵਤ ਉਚਾਰਦਾ ਉਚੀ-ਉਚੀ ਰੋਣ ਲੱਗਾ। ਉਸਤਾਦ ਨੇ ਉਸ ਨੂੰ ਹੌਸਲਾ ਦਿੱਤਾ ਅਤੇ ਕਿਹਾ ਜੇ ਉਹ ਪਛਤਾਵੇ ਦੇ ਇਨ੍ਹਾਂ ਹੰਝੂਆਂ ਤੋਂ ਸਬਕ ਸਿਖਣਾ ਚਾਹੁੰਦਾ ਹੈ ਤਾਂ ਉਸ ਨੂੰ ਜੋ ਕੰਮ ਮਿਲਿਆ ਹੈ, ਉਸ ਨੂੰ ਪੂਰੇ ਧਿਆਨ ਅਤੇ ਲਗਨ ਨਾਲ ਸਿੱਖਣਾ ਚਾਹੀਦਾ ਹੈ, ਤਾਂ ਜੋ ਉਸ ਦਾ ਅਤੇ ਉਸ ਦੇ ਪਰਿਵਾਰ ਦਾ ਭਵਿੱਖ ਸੁੱਖਾਂ ਭਰਿਆ ਬਣ ਸਕੇ ਅਤੇ ਪਛਤਾਵੇ ਦੇ ਹੰਝੂਆਂ ਤੋਂ ਮੁਕਤੀ ਮਿਲ ਸਕੇ।

❑ ਅਸ਼ੋਕ ਭਾਰਦਵਾਜ

# ਕੀ ਹੁੰਦਾ ਹੈ ਕਾਰਬਨ ਸਾਈਕਲ?




ਮਨੁੱਖ ਨੇ ਅਜੇ ਤਕ ਜਿੰਨੇ ਵੀ ਰਸਾਇਣਿਕ ਤੱਤਾਂ ਬਾਰੇ ਜਾਣਿਆ ਹੈ, ਉਹਨਾਂ ਵਿਚੋਂ ਸਭ ਤੋਂ ਦਿਲਚਸਪ ਕਾਰਬਨ ਹੈ। ਇਸ ਦਾ ਮੁੱਖ ਕਾਰਣ ਹੈ ਕਿ ਕਾਰਬਨ ਨਾਲ ਇਕ ਪਾਸੇ ਜਿੱਥੇ ਕ੍ਰਿਸਟਲ ਦੇ ਰੂਪ ਵਿਚ ਸਭ ਤੋਂ ਕੀਮਤੀ ਰਤਨ ਡਾਇਮੰਡ ਬਣਦਾ ਹੈ ਉਥੇ ਹੀ ਦੂਜੇ ਪਾਸੇ ਇਸ ਮਸ਼ੀਨੀ ਯੁਗ ਵਿਚ ਹੀਟ ਅਤੇ ਊਰਜਾ ਦਾ ਜੋ ਸਭ ਤੋਂ ਵੱਡਾ ਸਰੋਤ ਹੈ ਕੋਇਲਾ, ਉਹ ਵੀ ਕਾਰਬਨ ਹੀ ਹੈ ਅਤੇ ਤੁਸੀਂ ਜਿਹੜੀ ਲੈਡ ਪੈਂਸਿਲ ਨਾਲ ਲਿਖਦੇ ਹੋ ਉਸ ਵਿਚ ਵੀ ਗ੍ਰੇਫਾਈਟ ਦੇ ਰੂਪ ਵਿਚ ਕਾਰਬਨ ਹੀ ਹੁੰਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਕਾਰਬਨ ਸਾਡੇ ਜੀਵਨ ਲਈ ਬਹੁਤ ਹੀ ਮਹੱਤਵਪੂਰਣ ਹੈ, ਕਿਉਂਕਿ ਸਾਰੀਆਂ ਜੀਵਿਤ ਚੀਜਾਂ ਇਹੋ ਜਿਹੇ ਕੰਪਾਊਂਡਾਂ ਨਾਲ ਬਣੀਆਂ ਹੁੰਦੀਆਂ ਹਨ। ਸ਼ਾਇਦ ਇਹ ਹੀ ਵਜ੍ਹਾ ਹੈ ਕਿ ਪ੍ਰਿਥਵੀ ਵਿਚ ਜਿਥੇ ਵੀ, ਕਿਸੇ ਵੀ ਮਾਤਰਾ ਵਿਚ ਕਾਰਬਨ ਮਿਲਦਾ ਹੈ ਤਾਂ ਵਿਗਿਆਨਿਕ ਮੰਨਦੇ ਹਨ ਕਿ ਉਥੇ ਜ਼ਰੂਰ ਜੀਵਨ ਮੌਜੂਦ ਰਿਹਾ ਹੈ।

ਕੀ ਤੁਸੀਂ ਜਾਣਦੇ ਹੋ ਕਾਰਬਨ ਸਾਈਕਲ ਕਿਸ ਨੂੰ ਕਹਿੰਦੇ ਹਨ? ਉਹ ਪ੍ਰਕਿਰਿਆ ਜਿਸ ਵਿਚ ਕਾਰਬਨ ਨਿਰੰਤਰ ਹਟਾਇਆ ਜਾਂਦਾ ਹੈ, ਇਸਤੇਮਾਲ ਕੀਤਾ ਜਾਂਦਾ ਹੈ ਅਤੇ ਉਸ ਦੀ ਥਾਂ ਜੀਵਿਤ ਚੀਜਾਂ ਲੈਂਦੀਆਂ ਹਨ, ਉਸ ਨੂੰ ਕਾਰਬਨ ਸਾਈਕਲ ਕਹਿੰਦੇ ਹਨ। ਸਵਾਲ ਉਠੰਦਾ ਹੈ ਕਿ ਇਹ ਪ੍ਰਕਿਰਿਆ ਕਿਵੇਂ ਕੰਮ ਕਰਦੀ ਹੈ? ਤਾਂ ਤੁਹਾਨੂੰ ਇਹ ਤਾਂ ਪਤਾ ਹੀ ਹੈ ਕਿ ਸਾਡੇ ਵਾਤਾਵਾਰਣ ਜਾਂ ਹਵਾ ਵਿਚ ਕਾਰਬਨ ਡਾਈਆਕਸਾਈਡ ਹੁੰਦੀ ਹੈ। ਇਸ ਗੈਸ ਨਾਲ ਪੌਦੇ ਕਾਰਬਨ ਲੈਂਦੇ ਹਨ ਅਤੇ ਇਸ ਦਾ ਇਸਤੇਮਾਲ ਆਪਣੀਆਂ ਜੜ੍ਹਾਂ, ਤਨੇ ਅਤੇ ਪੱਤੀਆਂ ਬਨਾਉਣ ਵਿਚ ਕਰਦੇ ਹਨ। ਫੋਟੋਸਿੰਥੇਸਿਸ ਦੀ ਇਹ ਪ੍ਰਕਿਰਿਆ ਤਾਂ ਤੁਸੀ ਆਪਣੇ ਸਕੂਲ ਵਿਚ ਜ਼ਰੂਰ ਸੁਣੀ ਹੋਵੇਗੀ। ਹੁਣ ਭੋਜਨ ਦੇ ਰੂਪ ਵਿਚ ਜਾਨਵਰ ਪੌਦਿਆਂ ਤੋਂ ਕਾਰਬਨ ਲੈਂਦੇ ਹਨ। ਜਦੋਂ ਜਾਨਵਰ ਸਬਜੀ, ਫਲ ਜਾਂ ਅਨਾਜ ਖਾਂਦੇ ਹਨ ਤਾਂ ਉਹਨਾਂ ਦੇ ਸ਼ਰੀਰ ਵਿਚ ਕਾਰਬਨ ਜਾ ਰਿਹਾ ਹੁੰਦਾ ਹੈ। ਲੇਕਿਨ ਨਾਲ ਹੀ ਉਹ ਕਾਰਬਨ ਡਾਈਆਕਸਾਈਡ ਨੂੰ ਵਾਪਸ ਹਵਾ ਵਿਚ ਵੀ ਛੱਡ ਰਹੇ ਹੁੰਦੇ ਹਨ, ਤਾਂ ਇਸ ਤਰ੍ਹਾਂ ਕਾਰਬਨ ਸਾਈਕਲ ਪੂਰਾ ਹੋ ਜਾਂਦਾ ਹੈ। ਪੌਦੇ ਜਦ ਸੜ ਜਾਂਦੇ ਹਨ ਤਾਂ ਉਸ ਨਾਲ ਵੀ ਕਾਰਬਨ ਵਾਪਸ ਹਵਾ ਵਿਚ ਪਹੁੰਚਦਾ ਹੈ ਅਤੇ ਤਦ ਇਹ ਚੱਕਰ ਪੂਰਾ ਹੁੰਦਾ ਹੈ।

ਹੁਣ ਤੁਹਾਨੂੰ ਦੱਸਦਾ ਹਾਂ ਕਿ ਕੰਪਾਊਂਡ ਕੀ ਹੁੰਦਾ ਹੈ? ਦਰਅਸਲ ਜਦੋਂ ਤਤੱਵ ਆਪਸ ਵਿਚ ਮਿਲ ਜਾਂਦੇ ਹਨ ਤਾਂ ਉਸ ਨੂੰ ਕੰਪਾਊਂਡ ਕਹਿੰਦੇ ਹਨ। ਕਾਰਬਨ ਕੰਪਾਊਂਡ ਦੀ ਸੰਖਿਆ ਬਹੁਤ ਵਿਸ਼ਾਲ ਹੈ, ਦੋ ਲੱਖ ਤੋਂ ਵੀ ਵੱਧ। ਜਿੰਨੇ ਕੰਪਾਊਂਡ ਕਾਰਬਨ ਦਾ ਇਕ ਤੱਤ ਮਿਲ ਕੇ ਬਣਾਉਂਦਾ ਹੈ ਹੋਰ ਤੱਤ ਮਿਲ ਕੇ ਵੀ ਨਹੀਂ ਬਣਾ ਸਕਦੇ। ਇਹ ਇਸ ਲਈ ਹੈ ਕਿ ਕਾਰਬਨ ਅਣੂ ਹੋਰ ਤਤਾਂ ਦੇ ਅਣੂਆਂ ਨਾਲ ਬਹੁਤ ਹੀ ਵੱਖ-ਵੱਖ ਤਰੀਕਿਆਂ ਨਾਲ ਮਿਲ ਜਾਂਦਾ ਹੈ ਅਤੇ ਉਹ ਹੋਰ ਕਾਰਬਨ ਅਣੂਆਂ ਦੇ ਮਿਸ਼ਰਣ ਵਿਚ ਕਾਰਬਨ ਕੰਪਾਊਂਡ ਦਾ ਅਸੀਂ ਆਪਣੇ ਜੀਵਨ ਵਿਚ ਨਿਰੰਤਰ ਇਸਤੇਮਾਲ ਕਰਦੇ ਹਾਂ। ਭੋਜਨ, ਦਵਾਈਆਂ, ਪਲਾਸਟਿਕ, ਪਰਫਿਊਮ ਅਤੇ ਇਸ ਪ੍ਰਕਾਰ ਦੀਆਂ ਦਰਜਨਾਂ ਚੀਜਾਂ ਸਾਰੀਆਂ ਕਾਰਬਨ ਕੰਪਾਊਂਡ ਹਨ। ■

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਡਾਲਰ 2) ਲਤਾ ਮੰਗੇਸ਼ਕਰ 3) ਵਿਲੀਅਮ ਸ਼ੈਕਸਪੀਅਰ 4) ਮੋਰ 5) ਬਿਹਾਰ 6) ਚਾਰ 7) ਦਾਮੋਦਰ 8) ਲੈਕਟੋਮੀਟਰ 9) ਸ਼ੋਏਬ ਅਖਤਰ 10) ਅਕਤੂਬਰ 11) ਰਵਿੰਦਰ ਨਾਥ ਟੈਗੋਰ 12) ਬਾਬਰ 13) ਸੰਤੂਰ 14) ਉਦਯਪੁਰ 15) ਹਰਿਦੁਆਰ



ਬਾਲ ਕਹਾਣੀ :
ਰਾਧੇ ਲਾਲ 'ਨਵਚਕ੍ਰ'

# ਅਨੋਖੀ ਸਜ਼ਾ

ਅੱਜ ਸਕੂਲ ਬੰਦ ਸੀ। ਸਵੇਰ ਦਾ ਵੇਲਾ ਸੀ। ਦੀਪਕ, ਪਰੇਸ਼, ਪਿੰਕੀ, ਅਚਲਾ ਅਤੇ ਮਨੀਸ਼ ਆਪਣੇ ਘਰ ਤੋਂ ਥੋੜੀ ਦੂਰ ਇਕ ਰੁੱਖ ਦੀ ਛਾਂ ਹੇਠਾਂ ਖੇਡ ਰਹੇ ਸਨ। ਅਚਾਨਕ ਇਕ ਰਿਕਸ਼ਾ ਘਰ ਦੇ ਨੇੜੇ ਆ ਕੇ ਰੁਕਿਆ। ਉਸ ਰਿਕਸ਼ੇ ਤੋਂ ਮਾਮਾ ਜੀ ਉਤਰੇ। ਜਿਵੇਂ ਹੀ ਬੱਚਿਆਂ ਦੀ ਨਜ਼ਰ ਉਹਨਾਂ ਉਤੇ ਪਈ, ਉਹ ਦੌੜ ਪਏ। ਮਾਮਾ ਜੀ ਦੇ ਨੇੜੇ ਆ ਕੇ ਬੋਲੇ, ''ਮਾਮਾ ਜੀ ਆਏ! ਮਾਮਾ ਜੀ ਆਏ!''

ਮਾਮਾ ਜੀ ਨੇ ਪਰੇਸ਼ ਨੂੰ ਪੁੱਛਿਆ ''ਘਰ 'ਚ ਕੌਣ ਹੈ?''

''ਮੰਮੀ।''

''ਅਤੇ ਪਾਪਾ ਜੀ?''

ਉਹ ਕੱਲ ਹੀ ਆਫ਼ਿਸ ਦੇ ਕੰਮ ਲਈ ਬਾਹਰ ਗਏ ਹਨ। ਅੱਜ ਕਿਸੇ ਵੇਲੇ ਵੀ ਆ ਜਾਣਗੇ।'' ਪਿੰਕੀ ਨੇ ਜਵਾਬ ਦਿੱਤਾ।

ਮਾਮਾ ਜੀ ਬੱਚਿਆਂ ਨਾਲ ਘਰ ਦੇ ਅੰਦਰ ਗਏ। ਬੱਚਿਆਂ ਦਾ ਰੌਲਾ-ਰੱਪਾ ਸੁਣ ਕੇ ਮੰਮੀ ਰਸੋਈ ਵਿਚੋਂ ਬਾਹਰ ਆਈ। ਮਾਮਾ ਜੀ ਨੇ ਲੱਡੂਆਂ ਦਾ ਇਕ ਪੈਕਿਟ ਦਿੰਦੇ ਹੋਏ ਕਿਹਾ ''ਲਓ, ਬੱਚਿਆਂ ਵਿਚ ਵੰਡ ਦੇਵੋ।''

ਮੰਮੀ ਬੱਚਿਆਂ ਨੂੰ ਬੋਲੀ ''ਪਹਿਲਾਂ ਹੱਥ ਧੋ ਕੇ ਆਉ। ਫਿਰ ਸਭ ਨੂੰ ਲੱਡੂ ਦੇਵਾਂਗੀ।''

ਜਦ ਬੱਚੇ ਹੱਥ ਧੋ ਕੇ ਆਏ ਤਾਂ ਮੰਮੀ ਨੇ ਸਭ ਨੂੰ ਇਕ-ਇਕ ਲੱਡੂ ਦਿੱਤਾ। ਬੱਚੇ ਲੱਡੂ ਖਾਂਦੇ ਹੋਏ ਬਾਹਰ ਖੇਡਣ ਚਲੇ ਗਏ।

ਬਚੇ ਹੋਏ ਲੱਡੂ ਬੱਚਿਆਂ ਦੀ ਨਜ਼ਰ ਤੋਂ ਬਚਾ ਕੇ ਮੰਮੀ ਨੇ ਸੰਭਾਲ ਕੇ ਰੱਖ ਦਿੱਤੇ। ਫਿਰ ਮਾਮਾ ਜੀ ਕੋਲੋਂ ਉਹਨਾਂ ਦਾ ਹਾਲ-ਚਾਲ ਪੁੱਛਣ ਲੱਗੀ।

ਦੁਪਹਿਰ ਵੇਲੇ ਮੰਮੀ ਨੇ ਕੁਝ ਲੱਡੂ ਆਂਢੀਆਂ-ਗੁਆਂਢੀਆਂ ਵਿਚ ਵੰਡਣ ਬਾਰੇ ਸੋਚਿਆ। ਪ੍ਰੰਤੂ ਜਿਵੇਂ ਹੀ ਉਸ ਨੇ ਲੱਡੂਆਂ ਵਾਲਾ ਪੈਕਿਟ ਬਾਹਰ ਕੱਢਿਆ, ਉਹ ਦੇਖ ਕੇ ਬੜੀ ਹੈਰਾਨ ਹੋਈ। ਕਈ ਲੱਡੂ ਗਾਇਬ ਸਨ। ਫਿਰ ਮੰਮੀ ਸਮਝ ਗਈ ਕਿ ਇਹ ਸਾਰੀ ਸ਼ਰਾਰਤ ਪਰੇਸ਼ ਦੀ ਹੀ ਹੈ।

ਘਰ ਵਿਚ ਜਦ ਵੀ ਕਿਸੇ ਤਰ੍ਹਾਂ ਦੀ ਮਿਠਾਈ ਆਉਂਦੀ ਹੈ, ਮੰਮੀ ਉਸ ਨੂੰ ਕਿਤੇ ਵੀ ਛੁਪਾ ਕੇ ਰੱਖੇ, ਪਰੇਸ਼ ਮੌਕਾ ਦੇਖ ਕੇ ਉਸ ਨੂੰ ਲੱਭ ਹੀ ਲੈਂਦਾ ਹੈ। ਫਿਰ

ਉਸ ਵਿਚੋਂ ਚੋਰੀ ਕਰ ਕੇ ਚੁਪ-ਚਾਪ ਖਾ ਜਾਂਦਾ ਹੈ। ਇਹ ਉਸ ਦੀ ਪੁਰਾਣੀ ਆਦਤ ਹੈ। ਪੁੱਛਣ ਤੇ ਉਹ ਚੋਰੀ ਕੀਤੀ ਮਿਠਾਈ ਖਾਣ ਦੀ ਗੱਲ ਕਬੂਲ ਵੀ ਨਹੀ ਸੀ ਕਰਦਾ। ਇਸ ਤਰ੍ਹਾਂ ਉਹ ਦੋ ਗੰਦੀਆਂ ਆਦਤਾਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਮਠਿਆਈ ਚੋਰੀ ਕਰਕੇ ਖਾਣਾ ਅਤੇ ਫਿਰ ਝੂਠ ਬੋਲਣਾ।

ਅਚਲਾ ਅਤੇ ਮਨੀਸ਼ ਤੋਂ ਮੰਮੀ ਨੂੰ ਪਤਾ ਲਗ ਗਿਆ ਕਿ ਪਰੇਸ਼ ਨੇ ਹੀ ਲੱਡੂ ਚੋਰੀ ਕਰਕੇ ਖਾਧੇ ਹਨ। ਫਿਰ ਮੰਮੀ ਨੇ ਕਈ ਵਾਰ ਪਰੇਸ਼ ਨੂੰ ਪੁੱਛਿਆ, "ਬੇਟਾ, ਸੱਚ ਦੱਸ ਦੇ। ਕੀ ਤੂੰ ਲੱਡੂ ਚੋਰੀ ਕਰਕੇ ਖਾਧੇ ਹਨ?"

"ਨਹੀਂ ਮੰਮੀ।" ਹਰ ਵਾਰੀ ਪਰੇਸ਼ ਇਹ ਹੀ ਕਹਿੰਦਾ ਰਿਹਾ।

"ਫਿਰ ਕਿਸ ਨੇ ਖਾਧੇ?"

"ਮੈਨੂੰ ਨਹੀਂ ਪਤਾ।"


ਮੰਮੀ ਹਾਰ ਗਈ, ਲੇਕਿਨ ਪਰੇਸ਼ ਸੱਚ ਨਹੀਂ ਬੋਲਿਆ।

ਦੂਜੇ ਦਿਨ ਸਵੇਰੇ ਜਦ ਮਾਮਾ ਜੀ ਚਲੇ ਗਏ ਤਾਂ ਮੰਮੀ ਨੇ ਪਰੇਸ਼ ਦੀਆਂ ਇਹ ਗੰਦੀਆਂ ਆਦਤਾਂ ਛੁਡਾਉਣ ਬਾਰੇ ਸੋਚਿਆ। ਉਹ ਕੋਈ ਉਪਾਅ ਲੱਭਣ ਲੱਗੀ। ਆਖਿਰ ਉਸਦੇ ਦਿਮਾਗ ਵਿਚ ਇਕ ਤਰਕੀਬ ਆਈ।

ਹੁਣ ਉਹ ਪਰੇਸ਼ ਨੂੰ ਰੋਟੀ-ਸਬਜ਼ੀ ਦੇਣ ਸਮੇਂ ਕੇਵਲ ਮਿਠਾਈਆਂ ਹੀ ਦਿੰਦੀ। ਬਾਕੀ ਬੱਚਿਆਂ ਨੂੰ ਉਹ ਰੋਟੀ-ਸਬਜ਼ੀ ਦਿੰਦੀ ਰਹੀ। ਇਕ ਦੋ ਵਾਰ ਤਾਂ ਪਰੇਸ਼ ਨੂੰ ਮਿਠਾਈਆਂ ਬਹੁਤ ਵਧੀਆ ਲੱਗੀਆਂ ਫਿਰ ਉਸਦਾ ਮਨ ਉਚਾਟ ਹੋ ਗਿਆ। ਹੁਣ ਉਸ ਨੂੰ ਮਿਠਾਈ ਚੰਗੀ ਨਹੀ ਲਗਦੀ ਸੀ ਪਰ ਮੰਮੀ ਉਸ ਦੇ ਸਾਹਮਣੇ ਤਰ੍ਹਾਂ-ਤਰ੍ਹਾਂ ਦੀਆਂ ਮਿਠਾਈਆਂ ਹੀ ਰੱਖਦੀ ਰਹੀ। ਹਾਰ ਕੇ ਉਸ ਨੂੰ ਕਹਿਣਾ ਪਿਆ "ਰੋਜ਼ ਮਿਠਾਈਆਂ ਖਾ-ਖਾ ਕੇ ਮੇਰੀ ਹਾਲਤ ਖਰਾਬ ਹੋ ਗਈ ਹੈ। ਹੁਣ ਮੈਨੂੰ ਮਿਠਾਈ ਨਹੀਂ ਚਾਹੀਦੀ, ਇਹ ਬਿਲਕੁਲ ਠੀਕ ਨਹੀਂ।

"ਫਿਰ ਕੀ ਚਾਹੀਦਾ ਹੈ?" ਮੰਮੀ ਨੇ ਪੁੱਛਿਆ।





"ਚਾਵਲ, ਦਾਲ, ਰੋਟੀ, ਸਬਜ਼ੀ, ਉਹ ਰੋਂਦੂ ਜਿਹਾ ਹੋ ਕੇ ਬੋਲਿਆ।

"ਪਹਿਲਾਂ ਵਾਅਦਾ ਕਰ ਕਿ ਤੂੰ ਕਦੀ ਵੀ ਚੋਰੀ ਕਰਕੇ ਮਿਠਾਈ ਨਹੀਂ ਖਾਵੇਂਗਾ ਅਤੇ ਝੂਠ ਵੀ ਕਦੇ ਨਹੀਂ ਬੋਲੇਂਗਾ। ਫਿਰ ਤੈਨੂੰ ਚਾਵਲ, ਦਾਲ, ਰੋਟੀ, ਸਬਜ਼ੀ ਖਾਣ ਨੂੰ ਮਿਲੇਗੀ। ਨਹੀ ਤਾਂ ਮਿਠਾਈ ਹੀ ਖਾਣੀ ਪਏਗੀ।" ਮੰਮੀ ਨੇ ਥੋੜਾ ਸਖ਼ਤੀ ਨਾਲ ਕਿਹਾ।

ਪਰੇਸ਼ ਬੋਲਿਆ "ਮੈਂ ਵਾਅਦਾ ਕਰਦਾ ਹਾਂ ਹੁਣ ਕਦੇ ਵੀ ਚੋਰੀ ਕਰਕੇ ਮਿਠਾਈ ਨਹੀਂ ਖਾਵਾਂਗਾ ਅਤੇ ਝੂਠ ਵੀ ਨਹੀ ਬੋਲਾਂਗਾ।"

"ਠੀਕ ਹੈ, ਅੱਜ ਮੈਂ ਤੈਨੂੰ ਦਾਲ, ਚਾਵਲ, ਰੋਟੀ ਅਤੇ ਦੋ ਸਬਜ਼ੀਆਂ ਦੇਵਾਂਗੀ ਲੇਕਿਨ ਯਾਦ ਰਖ, ਹੁਣ ਜੇ ਕਦੇ ਵੀ ਤੂੰ ਪਹਿਲਾਂ ਵਰਗੀ ਹਰਕਤ ਕੀਤੀ ਤਾਂ ਪਤਾ ਹੈ ਕੀ ਸਜਾ ਮਿਲੇਗੀ?"

"ਬਿਲਕੁਲ ਨਹੀਂ।"

ਮੰਮੀ ਬੋਲੀ – "ਇਹ ਸਜਾ ਦੇਵਾਂਗੀ ਕਿ ਲਗਾਤਾਰ ਇਕ ਹਫ਼ਤਾ ਹਰ ਵਕਤ ਤੈਨੂੰ ਕੇਵਲ ਖਾਣ ਵਾਸਤੇ ਮਿਠਾਈ ਹੀ ਮਿਲੇਗੀ। ਹੋਰ ਕੋਈ ਵੀ ਚੀਜ਼ ਨਹੀ।"

"ਤੋਬਾ ! ਤੋਬਾ !!" ਪਰੇਸ਼ ਚੀਕ ਕੇ ਬੋਲਿਆ "ਫਿਰ ਤਾਂ ਮੈਂ ਮਰ ਹੀ ਜਾਵਾਂਗਾ।"

"ਤਾਂ ਫਿਰ" ਮੰਮੀ ਨੇ ਕਿਹਾ।

ਪਰੇਸ਼ ਬੋਲਿਆ "ਹੁਣ ਮੈਂ ਕਦੇ ਅਜਿਹੀ ਨੌਬਤ ਆਉਣ ਹੀ ਨਹੀ ਦੇਵਾਂਗਾ ਜਿਸ ਕਾਰਨ ਮੈਨੂੰ ਇਸ ਤਰ੍ਹਾਂ ਦੀ ਸਜਾ ਭੁਗਤਣੀ ਪਵੇ।"

"ਹਾਂ ਚੰਗੀ ਤਰ੍ਹਾਂ ਸਮਝ ਲੈ" ਕਹਿ ਕੇ ਮੰਮੀ ਨੇ ਪਰੇਸ਼ ਵਾਸਤੇ ਚਾਵਲ, ਦਾਲ, ਰੋਟੀ ਅਤੇ ਸਬਜ਼ੀਆਂ ਲਿਆ ਕੇ ਰੱਖ ਦਿੱਤੀਆਂ ਅਤੇ ਪਰੇਸ਼ ਖੁਸ਼ੀ-ਖੁਸ਼ੀ ਖਾਣ ਲੱਗਾ। ■

# ਹੋਲੀ ਦੀ ਧਮਾਲ

❑ ਮਦਨ ਤੇ ਰਾਣਾ



ਹਰ ਪਾਸੇ ਅੱਜ ਹੋਲੀ ਦੀ ਧਮਾਲ,
ਉਡੱਦੇ ਗੁਲਾਲ ਮਿੱਤਰੋ।
ਗਾਂਉਦੇ ਗਭਰੂ ਤੇ ਨੱਚਦੇ ਨੇ ਬਾਲ,
ਕਰਦੇ ਕਮਾਲ ਮਿੱਤਰੋ।

ਗਲੀਆਂ 'ਚ ਲਾਲਾ-ਲਾਲਾ, ਚਾਰੇ ਪਾਸੇ ਹੋਵੇ ਪਈ।
ਪੱਸੀ ਸਹੇਲੀਆਂ ਤੋਂ, ਮੁੱਖੜਾ ਲਕੋਵੇ ਪਈ।
ਮੀਰਾਂ ਲੁੱਕੀ ਨੂੰ ਲਿਆਈ ਦੀਪੀ ਭਾਲ,
ਚੱਲੀ ਨਾ ਕੋਈ ਚਾਲ ਮਿੱਤਰੋ।
ਹਰ ਪਾਸੇ - - - -
ਛੋਟਾ-ਵੱਡਾ ਅੱਜ ਕੋਈ, ਵੇਖਦਾ ਨਾ ਕਿਧਰੇ।
ਬੱਚ ਕੇ ਨਾ ਜਾਵੇ ਅੱਜ, ਜਿਹੜਾ ਮੂਹਰੇ ਟੱਕਰੇ।
ਮਸਾਂ ਲੰਘਿਆ ਉਡੀਕਦਿਆਂ ਸਾਲ,
ਕਰੋ ਨਾ ਸਵਾਲ ਮਿੱਤਰੋ।
ਹਰ ਪਾਸੇ - - - -

ਰਾਜੂ ਅਤੇ ਪੱਪੂ ਨਾਲ ਪੰਗਾ, ਪਰਦੀਪ ਦਾ।
ਪੂਜਾ ਤੇ ਨਵੇਤਾ ਨਾਲ ਖੁਸ਼ੀ ਤੇ ਸੰਦੀਪ ਦਾ।
ਰੰਗ ਪਾਉਣਾ ਇਹਨਾਂ ਉਤੇ ਹਰ ਹਾਲ,
ਨੀਤ ਸਾਫ਼ ਨਾਲ ਮਿੱਤਰੋ।
ਹਰ ਪਾਸੇ - - - -
ਵਿਧਿਤ ਤਾਈਂ ਉਸਦੀ ਮੰਮੀ ਸਮਝਾਂਉਦੀ ਏ।
ਕਰਦੀ ਇਸ਼ਾਰੇ ਤੇਰੀ ਯਸ਼ਿਕਾ ਭੈਣ ਆਉਂਦੀ ਏ।
ਤੁਸੀਂ ਖੇਡਣਾ ਏ ਬੜੇ ਪਿਆਰ ਨਾਲ,
ਰੱਖਣਾ ਖਿਆਲ ਮਿੱਤਰੋ।
ਹਰ ਪਾਸੇ - - - -
ਮਦਨ ਤੇ ਰਾਣਾ ਨਾਲੇ, ਖੇਮੂ, ਪੱਪੀ ਆਏ ਨੇ।
ਜੋਤੀ, ਸਹਿਜ, ਅਤੁਲ ਅਤੇ ਰਿੰਨੀ ਨੂੰ ਲਿਆਏ ਨੇ।
ਕਰ ਗਿਆ ਵੀਰਾ ਗੁੰਜਨ ਕਮਾਲ,
ਬਿੱਟੂ ਨੂੰ ਲਿਆ ਭਾਲ ਮਿੱਤਰੋ।
ਹਰ ਪਾਸੇ - - - -



❑ ਡਾ.ਗੁਰਮੀਤ ਸਿੰਘ

# ਕੀ ਕੱਛੂਕੁੰਮਿਆਂ ਦੀ ਜਾਨ ਖਤਰੇ ਵਿਚ ਹੈ?

ਪਿਆਰੇ ਬੱਚਿਓ ! ਕੱਛੂਆਂ ਬਾਰੇ ਕੁਝ ਰੋਚਕ ਤੱਥਾਂ ਦੀ ਜਾਣਕਾਰੀ ਸਾਨੂੰ ਸਭ ਨੂੰ ਹੋਣੀ ਚਾਹੀਦੀ ਹੈ। ਅਸੀ ਇਸ ਬਾਰੇ ਗੌਰ ਨਹੀ ਕਰਦੇ। ਬਹੁਤ ਸਾਰੇ ਲੋਕਾਂ ਨੂੰ ਆਮ ਤੌਰ ਤੇ ਟਰਟਲ (ਕੱਛੂ) ਅਤੇ ਟੋਰਟੋਇਜ਼ (ਕੱਛੂਕੁੰਮੇ ਦੀ ਇਕ ਕਿਸਮ) ਵਿਚ ਫਰਕ ਹੀ ਨਹੀ ਪਤਾ। ਟਰਟਲ ਆਪਣੀ ਉਮਰ ਜ਼ਿਆਦਾਤਰ ਪਾਣੀ ਵਿਚ ਜਾਂ ਪਾਣੀ ਦੇ ਨੇੜੇ ਗੁਜ਼ਾਰਦੇ ਹਨ। ਕੱਛੂਕੁੰਮੇ ਜ਼ਿਆਦਾਤਰ ਜ਼ਮੀਨ ਤੇ ਰਹਿੰਦੇ ਹਨ ਅਤੇ ਗਰਮ ਤੇ ਖੁਸ਼ਕ ਜਗ੍ਹਾ ਪਸੰਦ ਕਰਦੇ ਹਨ। ਇਹਨਾਂ ਦੇ ਪੈਰ ਫਲਿੱਪਰ ਵਾਲੇ ਹੁੰਦੇ ਹਨ ਜਿਸ ਨਾਲ ਇਹ ਜੀਵ ਤੁਰਦੇ ਹਨ। ਕੱਛੂਕੁੰਮੇ ਜ਼ਿਆਦਾਤਰ ਜ਼ਮੀਨ ਤੇ ਰੀਗਣ ਵਾਲੇ ਹੁੰਦੇ ਹਨ। ਉਹਨਾਂ ਦੇ ਪੈਰ ਰਬੜ ਦੀ ਤਰ੍ਹਾਂ ਬਣੇ ਹੁੰਦੇ ਹਨ। ਟਰਟਲ ਕਦੇ-ਕਦੇ ਪਾਣੀ ਤੋਂ ਬਾਹਰ ਆਉਂਦੇ ਹਨ ਤੇ ਸਰਦ ਰੁੱਤ ਵਿਚ ਉਚੀ ਥਾਂ ਤੇ ਧੁੱਪ ਸੇਕਣ ਲਈ ਬੈਠ ਜਾਂਦੇ ਹਨ ਜਦ ਕਿ ਕੱਛੂਕੁੰਮੇ ਪਾਣੀ ਤੋਂ ਬਾਹਰ ਟੋਏ ਪੁੱਟ ਕੇ ਆਂਡੇ ਦਿੰਦੇ ਹਨ।

ਟਰਟਲ ਦਾ ਕੋਈ ਨਿਸ਼ਚਤ ਆਕਾਰ ਨਹੀਂ ਹੁੰਦਾ। ਸਾਰਿਆਂ ਤੋਂ ਵੱਡੀ ਕਿਸਮ ਚਮੜੇ ਦੀ ਪਿੱਠ ਵਾਲਾ ਕੱਛੂ ਭਾਵ ਲੈਦਰ ਬੈਕ ਟਰਟਲ ਹੈ, ਜਿਸ ਦਾ ਤਕਰੀਬਨ ਭਾਰ 200 ਤੋਂ ਵੱਧ ਕਿਲੋਗ੍ਰਾਮ ਹੁੰਦਾ ਹੈ ਤੇ ਇਹ 4.5 ਤੋਂ 5.25 ਫੁੱਟ ਲੰਬਾ ਹੁੰਦਾ ਹੈ। ਸਭ ਤੋਂ ਛੋਟਾ ਕੱਛੂ ਸਪੇਕਲੇਡ ਕੇਪ ਟੋਰਟੋਇਜ਼ ਹੁੰਦਾ ਹੈ ਇਸ ਦਾ ਉਪਰ ਦਾ ਸ਼ੈਲ 3.1 ਇੰਚ ਤਕ ਦਾ ਹੁੰਦਾ ਹੈ। ਇਸ ਦਾ ਭਾਰ 142 ਗ੍ਰਾਮ ਦੇ ਲਗਭਗ ਹੁੰਦਾ ਹੈ। ਕੱਛੂ ਦੇ ਉੱਪਰ ਦੇ ਹਿੱਸੇ ਨੂੰ ਕੈਰਾਪੇਸ ਕਹਿੰਦੇ ਹਨ। ਇਹ 60 ਹੱਡੀਆਂ ਦਾ ਬਣਿਆ ਹੁੰਦਾ ਹੈ ਤੇ ਇਕ ਦੇ ਉਪਰ ਦੂਸਰੀ ਪਲੇਟ ਜੁੜੀ ਹੋਈ ਲਗਦੀ ਹੈ। ਜਿਸ ਤਰ੍ਹਾਂ ਇਨਸਾਨ ਦੇ ਨਹੁੰ ਹੁੰਦੇ ਹਨ ਇਹ ਉਸ ਤਰ੍ਹਾਂ ਦੀ ਹੀ ਸਮਗਰੀ ਦਾ ਹੁੰਦਾ ਹੈ। ਇਹ ਬਹੁਤ ਮਜ਼ਬੂਤ ਹੱਡੀ ਵਾਂਗ ਹੁੰਦਾ ਹੈ। ਇਸ ਲਈ ਜਦ ਵੀ ਕਛੂਏ ਨੂੰ ਖਤਰਾ ਲਗਦਾ ਹੈ ਉਹ ਆਪਣੇ ਮੂੰਹ ਤੇ ਪੈਰ ਆਪਣੇ ਇਸ ਕਵਚ ਵਿਚ ਲੁਕੋ ਲੈਂਦਾ ਹੈ।

ਵਿਗਿਆਨੀਆਂ ਮੁਤਾਬਿਕ ਕੱਛੂ ਚੁੱਪ ਰਹਿਣ ਵਾਲਾ ਜੀਵ ਨਹੀ ਹੈ। ਬਹੁਤ ਸਾਰੇ ਕੱਛੂ ਤਾਂ ਬਿਜਲੀ ਦੀ ਮੋਟਰ ਦੀ ਤਰ੍ਹਾਂ ਆਵਾਜ਼ ਕੱਢਦੇ ਹਨ। ਕੁਝ ਤਾਂ ਆਦਮੀਆਂ ਦੀ ਤਰ੍ਹਾਂ ਡਕਾਰ ਮਾਰਦੇ ਹਨ, ਕਈ ਕੁੱਤੇ ਵਾਂਗ ਭੌਂਕਦੇ ਹਨ। ਦੱਖਣੀ ਅਮਰੀਕਾ ਵਿਚ ਮਿਲਣ ਵਾਲਾ ਲਾਲ ਪੈਰਾਂ ਵਾਲਾ (ਰੈਡ ਫੁਟੇਡ) ਕੱਛੂ ਤਾਂ ਮੁਰਗੇ ਦੀ ਤਰ੍ਹਾਂ ਆਵਾਜ਼ਾਂ ਕੱਢਦਾ ਹੈ।

ਕੱਛੂ ਸਾਡੇ ਵਾਂਗ ਹੀ ਸ਼ਾਕਾਹਾਰੀ ਤੇ ਮਾਸਾਹਾਰੀ ਹੁੰਦੇ ਹਨ। ਉਹ ਜ਼ਮੀਨ ਤੇ ਰੇਤ ਵਿਚ ਆਂਡੇ ਦਿੰਦੇ ਹਨ। ਮਾਦਾ ਕੱਛੂ ਇਕ ਵੇਲੇ 100 ਤਕ ਆਂਡੇ ਦਿੰਦੀ ਹੈ। ਨਰ ਤੇ ਮਾਦਾ ਕੱਛੂ ਆਪਣੇ ਬੱਚਿਆਂ ਦੀ ਕੋਈ ਪਰਵਰਿਸ਼ ਨਹੀਂ ਕਰਦੇ। ਪਾਣੀ ਦੇ ਨੇੜੇ ਜੇਕਰ ਤਾਪਮਾਨ ਠੀਕ ਰਹੇ ਤਾਂ ਨਰ ਮਾਦਾ ਬਰਾਬਰ ਦੇ ਨਿਕਲਦੇ ਹਨ, ਪਰ ਜੇਕਰ ਤਾਪਮਾਨ ਵੱਧ ਜਾਵੇ ਤਾਂ ਜ਼ਿਆਦਾ ਅੰਡਿਆਂ ਵਿਚੋਂ ਮਾਦਾ ਕੱਛੂ ਨਿਕਲਦੇ ਹਨ।

ਸੰਨ 1968 ਵਿਚ ਰੂਸ ਨੇ ਰੂਸੀ ਕੱਛੂਕੁੰਮਿਆਂ ਦਾ ਇਕ ਜੋੜਾ ਰਾਕਟ ਰਾਹੀ ਚੰਨ ਤੇ ਭੇਜਿਆ। ਕੱਛੂਕੁੰਮਿਆਂ ਦਾ ਜੋੜਾ ਵਾਪਿਸ ਜ਼ਮੀਨ ਉਤੇ ਠੀਕ-ਠਾਕ ਪੁੱਜ ਗਿਆ। ਇਹਨਾਂ ਦਾ ਭਾਰ ਸਿਰਫ 10 ਫੀਸਦੀ ਘਟਿਆ। ਕੱਛੂਕੁੰਮਿਆਂ ਦੀ ਉਮਰ ਆਮਤੌਰ ਤੇ ਲੰਮੀ ਹੁੰਦੀ ਹੈ। ਹਰ ਇਕ ਕੱਛੂ ਕਿੰਨੀ ਉਮਰ ਭੋਗਦਾ ਹੈ ਇਸ ਦਾ ਅੰਦਾਜ਼ਾ ਲਾਉਣਾ ਔਖਾ ਹੈ। ਇਸ ਦੀ ਉਮਰ ਲਗਭਗ 152 ਸਾਲ ਦੇ ਕਰੀਬ ਦਰਸਾਈ ਗਈ ਹੈ। ਸ਼ਾਰਕ, ਵੇਲ ,ਛੋਟੇ ਛੋਟੇ ਕੱਛੂਕੁੰਮਿਆਂ ਨੂੰ ਖਾ ਜਾਂਦੀਆਂ ਹਨ। ਕੁੱਤੇ, ਸਮੁੰਦਰੀ ਪੰਛੀ ਤੇ ਰੈਕੂਨ ਕਛੂਆਂ ਦੇ ਆਂਡੇ ਤੇ ਛੋਟੇ ਛੋਟੇ ਬੱਚਿਆਂ ਨੂੰ ਵੀ ਖਾ ਜਾਂਦੇ ਹਨ।

ਅੱਜ ਸਾਰੇ ਸੰਸਾਰ ਵਿਚ ਕੱਛੂਕੁੰਮੇ ਭਿਆਨਕ ਮੁਸੀਬਤ ਵਿਚੋਂ ਲੰਘ ਰਹੇ ਹਨ। ਇਹ ਜੀਵ ਅੱਜ ਆਪਣੀ ਜਾਨ ਦੀ ਰੱਖਿਆ ਕਰਨ ਵਿਚ ਅਸਮਰਥ ਹਨ। ਇਹਨਾਂ ਦੇ ਰਹਿਣ ਵਾਲੇ ਸਥਾਨ ਇਨਸਾਨਾਂ ਦੁਆਰਾ ਨਸ਼ਟ ਕੀਤੇ ਜਾ ਰਹੇ ਹਨ। ■





ਕਮਲ ਸਿੰਘ ਚੌਹਾਨ

# ਸੂਰਜ ਦੀ ਸਿਖਿਆ

ਦੇਖੋ ਸੁਭਹ ਦਾ ਸੂਰਜ ਆਇਆ,
ਉਸ ਨੇ ਆਪਣਾ ਪਾਠ ਪੜ੍ਹਾਇਆ,
ਬੱਚਿਆਂ ਨੂੰ ਵੀ ਹੱਸ ਕੇ ਮਿਲਦਾ,
ਕਲੀਆਂ ਨੂੰ ਖਿੜਨਾ ਹੈ ਸਿਖਾਇਆ।

ਪੰਛੀ ਉੱਡਦੇ ਦੂਰ ਗਗਨ ਵਿਚ,
ਮਸਤ ਹੋਏ ਸਭ ਆਪਣੀ ਲਗਨ ਵਿਚ,
ਚਿੜੀਆਂ ਤੋਤੇ ਕਬੂਤਰ ਉੱਡਦੇ,
ਆਜ਼ਾਦੀ ਦਾ ਗੀਤ ਸੁਣਾਇਆ।

ਕਿਸੇ ਨਾਲ ਭੇਦ-ਭਾਵ ਨਹੀਂ ਕਰਨਾ,
ਮਿੱਠੀਆ-ਮਿੱਠੀਆਂ ਗੱਲਾਂ ਕਰਨਾ,
ਦਿਲ ਨਹੀਂ ਦੁਖੇ ਕਦੇ ਕਿਸੇ ਦਾ,
ਮਿਲਜੁਲ ਕੇ ਰਹਿਣਾ ਹੈ ਸਿਖਾਇਆ।

ਸੂਰਜ ਚੜਦਾ ਅੱਗੇ ਵਧਦਾ
ਬੱਚਿਆਂ ਨੂੰ ਵੀ ਕਹਿੰਦਾ ਜਾਂਦਾ।
'ਕਮਲ' ਪ੍ਰੇਮ-ਪ੍ਰੀਤ ਦੀ ਖੁਸ਼ਬੂ
ਵੰਡਦੇ ਹੀ ਜਾਉ ਇਹ ਹੈ ਸਿਖਾਇਆ।

❑ ਕਿਸ਼ੋਰ ਡੈਨੀਅਲ

# ਚਲਾਕੀ ਅਤੇ ਕਿਸਮਤ



ਇਸ ਰਾਜਾ ਸੀ। ਉਹ ਬਹੁਤ ਹੀ ਦਿਆਲੂ, ਧਾਰਮਿਕ ਅਤੇ ਨਿਆਂ ਪਸੰਦ ਸੁਭਾਅ ਦਾ ਸੀ।

ਇਕ ਵਾਰ ਰਾਜਾ ਦੇ ਦੁਸ਼ਮਣਾ ਨੇ ਰਾਜਾ ਨੂੰ ਮਾਰਨ ਦੀ ਸੋਚੀ। ਉਹਨਾਂ ਨੇ ਲਾਲਚ ਦੇ ਕੇ ਰਾਜਾ ਦੇ ਨਾਈ ਨੂੰ ਆਪਣੇ ਨਾਲ ਮਿਲਾ ਲਿਆ। ਨਾਈ ਨੂੰ ਕਿਹਾ ਜਦ ਉਹ ਰਾਜਾ ਦੀ ਦਾੜੀ ਬਣਾਏ ਤਾਂ ਉਸ ਸਮੇਂ ਉਸਤਰੇ ਨਾਲ ਰਾਜਾ ਦੀ ਗਰਦਨ ਕੱਟ ਦੇਵੇ। ਇਸ ਕੰਮ ਲਈ ਉਸ ਨੂੰ ਭਾਰੀ ਇਨਾਮ ਦਿੱਤਾ ਜਾਵੇਗਾ।

ਦੂਜੇ ਦਿਨ ਜਦੋਂ ਨਾਈ ਉਸਤਰੇ ਦੀ ਧਾਰ ਤੇਜ਼ ਕਰ ਰਿਹਾ ਸੀ ਤਾਂ ਮਨ ਹੀ ਮਨ ਬੜਬੜਾ ਰਿਹਾ ਸੀ – ਮਾਰਾਂਗਾ, ਬਹੁਤ ਪੈਸਾ ਮਿਲੇਗਾ।

ਇਹ ਸਭ ਗੱਲਾਂ ਰਾਜਾ ਉਸ ਦੇ ਪਿੱਛੇ ਖੜਾ ਸੁਣ ਰਿਹਾ ਸੀ। ਨਾਈ ਨੇ ਰਾਜਾ ਨੂੰ ਪਲਟ ਕੇ ਵੇਖਿਆ ਤਾਂ ਉਹ ਘਬਰਾ ਗਿਆ ਪਰੰਤੂ ਜਲਦੀ ਹੀ ਉਸ ਨੇ ਗੱਲ ਨੂੰ ਪਲਟਦੇ ਹੋਏ ਕਿਹਾ – ਮਹਾਰਾਜ ! ਮੈ ਕਹਿ ਰਿਹਾ ਸੀ ਜੋ ਵੀ ਤੁਹਾਡੇ ਦੁਸ਼ਮਣ ਹਨ ਉਹਨਾਂ ਨੂੰ ਮਾਰਾਂਗਾ ਅਤੇ ਤੁਹਾਡੇ ਤੋਂ ਇਨਾਮ ਲਵਾਂਗਾ। ਮੈਨੂੰ ਇੰਜ ਲਗਦਾ ਹੈ ਤੁਹਾਡੇ ਕੁਝ ਦੁਸ਼ਮਣ ਚਾਲ ਚਲ ਰਹੇ ਹਨ। ਮੈਂ ਉਹਨਾਂ ਸਭ ਨੂੰ ਮਾਰ ਦਿਆਂਗਾ।

ਨਾਈ ਦੀ ਗੱਲ ਸੁਣ ਕੇ ਰਾਜਾ ਬਹੁਤ ਖੁਸ਼ ਹੋਇਆ। ਹੁਣ ਰਾਜਾ ਦੀਆਂ ਨਜ਼ਰਾਂ ਵਿਚ ਉਸ ਦਾ ਮਾਣ ਹੋਰ ਵੱਧ ਗਿਆ। ਚਲਾਕੀ ਅਤੇ ਹੋਸ਼ਿਆਰੀ ਨਾਲ ਉਹ ਬੱਚ ਗਿਆ।

ਕੁਝ ਦਿਨਾਂ ਬਾਅਦ ਰਾਜਾ ਆਪਣੇ ਦਰਬਾਰ ਵਿਚ ਬੈਠਾ ਸੀ। ਨਾਈ ਘੁੰਮਦੇ ਫਿਰਦੇ ਦਰਬਾਰ ਦੇ ਗੇਟ ਉਤੇ ਪਹੁੰਚਿਆ। ਉਹ ਅੰਦਰ ਤਾਂ ਨਹੀਂ ਜਾ ਸਕਦਾ ਸੀ। ਇਸ ਲਈ ਉਹ ਬਾਹਰ ਦੁਆਰ ਤੇ ਖੜਾ ਸੋਚਦਾ ਰਿਹਾ ਅਤੇ ਆਪਣਾ ਇਕ ਹੱਥ ਉਪਰ ਵਲ ਉਠਾਇਆ। ਅਚਾਨਕ ਰਾਜਾ ਨੇ ਉਸ ਨੂੰ ਵੇਖਿਆ ਅਤੇ ਸਮਝਿਆ ਕਿ ਦੁਸ਼ਮਣਾ ਦੀ ਕੋਈ ਰਾਜ ਦੀ ਗੱਲ ਕਰਨ ਲਈ ਨਾਈ ਉਸ ਨੂੰ ਇਸ਼ਾਰੇ ਨਾਲ ਬੁਲਾ ਰਿਹਾ ਹੈ। ਉਹ ਉਠੱ ਕੇ ਬਾਹਰ ਆ ਗਿਆ। ਰਾਜਾ ਦੇ ਬਾਹਰ ਆਉਂਦੇ ਹੀ ਦਰਬਾਰੀ ਵੀ ਇਕ ਇਕ ਕਰਕੇ ਬਾਹਰ ਆ ਗਏ। ਉਸੇ ਸਮੇਂ ਅਚਾਨਕ ਦਰਬਾਰ ਦੀ ਛੱਤ ਡਿੱਗ ਪਈ। ਸਭ ਦੇ ਸਭ ਹੈਰਾਨ ਸਨ ਅਤੇ ਰਾਜਾ ਵੀ ਬਹੁਤ ਹੈਰਾਨ ਸੀ। ਉਹ ਸੋਚ ਰਿਹਾ ਸੀ ਕਿ ਨਾਈ ਨੂੰ ਕਿਸ ਤਰ੍ਹਾਂ ਪਤਾ ਲਗਿਆ ਕਿ ਛੱਤ ਡਿੱਗਣ ਵਾਲੀ ਹੈ। ਆਪਣੀ ਅਤੇ ਦਰਬਾਰੀਆਂ ਦੀ ਜਾਨ ਬਚਣ ਕਰਕੇ ਉਹ ਬਹੁਤ ਖੁਸ਼ ਸੀ। ਉਸ ਨੇ ਨਾਈ ਨੂੰ ਇਕ ਵੱਡਾ ਇਨਾਮ ਦੇ ਕੇ ਸਨਮਾਨਿਤ ਕੀਤਾ।

❑ ਬਲਵਿੰਦਰ

# ਭੁਕਾਨੇ ਵਿਕਣੇਂ ਆਏ



ਸੋਹਣੇ-ਸੋਹਣੇ ਰੰਗ ਬਰੰਗੇ,
ਧਾਗੇ ਦੇ ਸਿਰਿਆਂ ਨਾਲ ਟੰਗੇ।
ਰੇਅੜੀ ਉਪਰ ਖੂਬ ਸਜਾਏ,
ਵੇਖੋ ਭੁਕਾਨੇ ਵਿਕਣੇਂ ਆਏ।

ਕਰਣ, ਵਿਧਿਤ, ਆਸੀਨ ਆਉ,
ਤੁਸੀ ਅਪਣੇ ਦੋਸਤ ਬੁਲਾਉ।
ਮੈਂ ਤਾਂ ਵਾਜਾਂ ਮਾਰ ਬੁਲਾਏ,
ਵੇਖੋ ਭੁਕਾਨੇ ਵਿਕਣੇਂ ਆਏ।

ਨੀਲੇ, ਲਾਲ, ਗੁਲਾਬੀ, ਚਿੱਟੇ,
ਕਈਆਂ ਉਪਰ ਦੁੱਧ ਦੇ ਛਿੱਟੇ।
ਬੱਚਿਆਂ ਵਾਂਗੂੰ ਨੇ ਮੁਸਕਾਏ,
ਵੇਖੋ ਭੁਕਾਨੇ ਵਿਕਣੇਂ ਆਏ।

ਅੱਖਾਂ ਨੂੰ ਇਹ ਸੁਹਣੇ ਲਗਦੇ,
ਗੋਲ ਮਟੋਲ ਸਾਰੇ ਜਚਦੇ।
ਬੱਚਿਆਂ ਦੇ ਨੇ ਮਨ ਲਲਚਾਏ।
ਵੇਖੋ ਭੁਕਾਨੇ ਵਿਕਣੇਂ ਆਏ।

ਇਕ-ਇਕ ਕਰਕੇ
ਵਿਕ ਜਾਂਦੇ ਨੇ
ਰੋਜ਼ ਸਵੇਰੇ
ਇਹ ਆਉਂਦੇ ਨੇ।
'ਬਲਵਿੰਦਰ' ਉਚੀ
ਹੇਕ ਲਗਾਏ।
ਵੇਖੋ ਭੁਕਾਨੇ
ਵਿਕਣੇਂ ਆਏ।



# ਰੰਗ ਭਰੋ



ਨਾਂ ............................................................................ ਉਮਰ..........

ਪੂਰਾ ਪਤਾ...........................................................................................

..................................................................................................................

..................................................................................................................

# ਜਨਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਹੈਵਨ ਸੁਮਨ (ਉਮਰ 7 ਸਾਲ)
ਹਾਊਸ ਨੰ : 144
ਗੁਰੂ ਹਰਗੋਬਿੰਦ ਨਗਰ, ਫਗਵਾੜਾ
ਜਿਲਾ : ਕਪੂਰਥਲਾ (ਪੰਜਾਬ)

**ਦੂਸਰਾ ਨੰ :**

ਜਸ਼ਨ ਚਹਿਲ (ਉਮਰ 13 ਸਾਲ)
ਪਿੰਡ – ਹੀਰੋਂ ਖੁਰਦ
ਡਾਕਖਾਨਾ – ਹੋਡਲਾਂ ਕਲਾਂ
ਜਿਲਾ – ਮਾਨਸਾ (ਪੰਜਾਬ)

**ਤੀਸਰਾ ਨੰ :**

ਹਰਲੀਨ ਕੌਰ ਜੱਸਲ (ਉਮਰ 10 ਸਾਲ)
ਪਿੰਡ : ਸੈਦਪੁਰ
ਡਾਕਖਾਨਾ : ਲਾਂਡਰਾਂ
ਜਿਲਾ – ਮੋਹਾਲੀ (ਪੰਜਾਬ)

## ਪਸੰਦ ਕੀਤੇ ਗਏ –

ਭਵਿਤਾ (ਚਵਿੰਡਾ ਦੇਵੀ)
ਸ਼ਿਵਪ੍ਰੀਤ ਸਿੰਘ (ਅਮਰਾਲੀ)
ਸਿਮਰਨ ਕੌਰ (ਧਰਮਪੁਰਾ)
ਗੁਰਪ੍ਰੀਤ ਸਿੰਘ (ਗਿਦੜਬਾਹਾ)
ਮਾਨਸੀ (ਨਿਰੰਕਾਰੀ ਕਾਲੋਨੀ)
ਲਾਡੋ (ਵਿਸ਼ਾਲੀ),
ਨਵਜੀਤ (ਮੋਹਾਲੀ)
ਸੰਦੀਪ ਕੌਰ (ਚੰਦਿਆਈ ਖੁਰਦ)
ਤਮੰਨਾ (ਗਾਂਧੀ ਵਿਹਾਰ)
ਵੰਦਿਤਾ (ਦਿੱਲੀ)
ਜਸਜੋਤ ਕੌਰ (ਕਰਤਾਰ ਨਗਰ)
ਸੁਖਪ੍ਰੀਤ ਸਿੰਘ (ਮਾਨਸਾ)
ਨਿਤੀ ਚੰਦਰ (ਲੁਧਿਆਣਾ)
ਵਿਧਿਤ (ਖੁਸ਼ਹਾਲ ਪੁਰ)
ਸੁਨੀਤਾ (ਸ਼ਹੀਦ ਭਗਤ ਸਿੰਘ ਨਗਰ)
ਯਸ਼ਿਕਾ (ਡੇਰਾ ਬਾਬਾ ਨਾਨਕ)




## ਮਾਰਚ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਮਾਰਚ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਮਈ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

❑ ਜਗਤਾਰ 'ਚਮਨ'

# ਔਰਤ

ਘਰ ਪਰਿਵਾਰ ਸਮਾਜ ਦਾ ਆਧਾਰ ਹੈ ਔਰਤ।
ਸੰਸਾਰ ਦੇ ਲਈ ਪ੍ਰਭੂ ਦਾ ਉਪਹਾਰ ਹੈ ਔਰਤ।

ਹਰ ਖਿੰਡੇ ਹੋਏ ਰਿਸ਼ਤੇ ਦਾ ਸ਼ਿੰਗਾਰ ਹੈ ਔਰਤ।
ਪਰਿਵਾਰ ਦੇ ਪਾਤਰ ਦੀ ਰਚਨਹਾਰ ਹੈ ਔਰਤ।

ਸਦਾ ਠੰਡੀ ਨਹੀਂ ਕਦੇ ਅੰਗਾਰ ਹੈ ਔਰਤ।
ਫਿਰ ਵੀ ਹੁੰਦੀ ਹਿੰਸਾ ਦਾ ਸ਼ਿਕਾਰ ਹੈ ਔਰਤ।

ਦਇਆ ਪ੍ਰੇਮ ਤੇ ਮਮਤਾ ਦੀ ਪਹਿਰੇਦਾਰ ਹੈ ਔਰਤ।
ਹਰ ਰੂਪ ਕਮਾਲ ਪਰ ਮਾਂ ਰੂਪ ਨਿਰੰਕਾਰ ਹੈ ਔਰਤ।

ਛੋਟੇ-ਮੋਟੇ ਹਰ ਕੰਮ ਲਈ ਤਿਆਰ ਹੈ ਔਰਤ।
ਦੇਵੀ ਦਾ ਰੂਪ ਸ਼ਕਤੀ ਦਾ ਸੰਸਾਰ ਹੈ ਔਰਤ।।

ਮਨੁੱਖੀ ਕੁਲ ਦੀ ਸੱਚੀ ਰਿਸ਼ਤੇਦਾਰ ਹੈ ਔਰਤ।
''ਚਮਨ'' ਸਭ ਤੇ ਲੁਟਾਉਂਦੀ ਪਿਆਰ ਹੈ ਔਰਤ।।



ਅਮਨਪ੍ਰੀਤ ਸਿੰਘ

# ਮਿਹਨਤ ਦਾ ਫਲ ਮਿੱਠਾ

ਬੱਲੂ ਰਿੱਛ ਕਾਫੀ ਬਜ਼ੁਰਗ ਸੀ। ਉਸ ਕੋਲ ਸ਼ਾਮ ਵੇਲੇ ਕਾਫੀ ਜਾਨਵਰਾਂ ਦੇ ਬੱਚੇ ਆ ਜਾਂਦੇ ਨੇ ਤੇ ਉਸ ਨੂੰ ਕਹਾਣੀ ਸੁਣਾਉਣ ਲਈ ਕਹਿੰਦੇ ਸਨ। ਬੱਲੂ ਰੋਜ਼ ਨਵੀ ਕਹਾਣੀ ਸੁਣਾਉਂਦਾ ਸੀ। ਉਸ ਕੋਲ ਖਰਗੋਸ਼ ਦੇ ਬੱਚੇ, ਕੱਛੂਏ, ਗਾਲੜ, ਹਿਰਨ ਅਤੇ ਕਾਫੀ ਹੋਰ ਜਾਨਵਰਾਂ ਦੇ ਬੱਚੇ ਇਕੱਠੇ ਹੋ ਜਾਂਦੇ। ਅੱਜ ਵੀ ਬਹੁਤ ਸਾਰੇ ਜਾਨਵਰਾਂ ਦੇ ਬੱਚੇ ਇਕੱਠੇ ਹੋ ਗਏ ਸਨ ਤੇ ਕਾਫੀ ਸ਼ੋਰ ਪਾ ਰਹੇ ਸਨ। ਦਾਦਾ ਜੀ ! ਦਾਦਾ ਜੀ ! ਕਹਾਣੀ ਸੁਣਾਉ। ਬੱਲੂ ਰਿੱਛ ਨੇ ਸਭ ਨੂੰ ਚੁੱਪ ਕਰਵਾਇਆ ਅਤੇ ਕਿਹਾ ਕਿ ਜੇਕਰ ਸਾਰੇ ਚੁੱਪ ਕਰਕੇ ਬੈਠੋਗੇ ਤਾਂ ਹੀ ਮੈਂ ਕਹਾਣੀ ਸੁਣਾਵਾਂਗਾ। ਬੱਲੂ ਰਿੱਛ ਨੇ ਅੰਗੂਰ ਖੱਟੇ ਹਨ, ਵਾਲੀ ਲੂੰਬੜੀ ਮਾਸੀ ਦੀ ਕਹਾਣੀ ਕਈ ਵਾਰ ਸੁਣਾਈ ਸੀ। ਪਰ ਅੱਜ ਫਿਰ ਬੱਲੂ ਲੂੰਬੜੀ ਮਾਸੀ ਦੀ ਨਵੀਂ ਕਹਾਣੀ ਸੁਣਾਉਣ ਲੱਗਾ।

ਬੱਲੂ ਨੇ ਕਹਾਣੀ ਸ਼ੁਰੂ ਕੀਤੀ ਕਿ ਇਕ ਵਾਰ ਲੂੰਬੜੀ ਮਾਸੀ ਨੇ ਆਪਣੇ ਬਗੀਚੇ ਵਿਚ ਅੰਗੂਰਾਂ ਦੀ ਵੇਲ ਲਗਾਈ ਸੀ। ਅੰਗੂਰਾਂ ਦੀ ਵੇਲ ਇੱਕ ਵੱਡੇ ਦਰੱਖਤ ਉੱਪਰ ਚੜ ਗਈ ਸੀ।ਇਸ ਵਾਰ ਬਹੁਤ ਸਾਰੇ ਅੰਗੂਰ ਲੱਗੇ ਸਨ ਪਰ ਅੰਗੂਰ ਬਹੁਤ ਉਚੇ ਸਨ। ਦਰਖਤ ਅੰਗੂਰਾਂ ਨਾਲ ਭਰਿਆ ਪਿਆ ਸੀ। ਉਸ ਨੇ ਪੌੜੀ ਲਿਆਉਣ ਦਾ ਫੈਸਲਾ ਕੀਤਾ ਪਰ ਪੌੜੀ ਕਿਥੋਂ ਮਿਲਦੀ। ਲੂੰਬੜੀ ਮਾਸੀ ਸਭ ਤੋਂ ਪਹਿਲਾ ਪੌੜੀ ਦੇ ਡੰਡਿਆਂ ਲਈ ਬਾਂਸ ਦੇ ਦਰਖਤ ਕੋਲ ਗਈ ਅਤੇ ਕਿਹਾ ਕਿ ਬਾਂਸ ਭਰਾ ! ਮੈਨੂੰ ਤੇਰੇ ਇਕ ਦੋ ਬਾਂਸਾਂ ਦੀ ਲੋੜ ਹੈ ਕੀ ਤੂੰ ਦੇਵੇਗਾ? ਮੈਂ ਪੌੜੀ ਬਣਾ ਕੇ ਅੰਗੂਰ ਤੋੜਨੇ ਹਨ। ਬਾਂਸ ਨੇ ਕਿਹਾ ਕਿ ਭੈਣੇ ਲੈ ਜਾਹ ਤੂੰ ਜਿੰਨੇ ਚਾਹੀਦੇ ਹਨ ਪਰ ਮੇਰੀ ਇਕ ਸ਼ਰਤ ਹੈ। ਉਸ ਨੇ ਪੁੱਛਿਆ ਕੀ? ਤਾਂ ਬਾਂਸ ਨੇ ਕਿਹਾ ਕਿ ਮੈਂ ਵੀ ਅੰਗੂਰ ਖਾਵਾਂਗਾ। ਲੂੰਬੜੀ ਮਾਸੀ ਨੇ ਕਿਹਾ – ਭਰਾ ਜਰੂਰ ਖਾ ਲਵੀਂ।

ਹੁਣ ਵਾਰੀ ਸੀ ਕਿ ਬਾਂਸ ਕਿਸ ਤਰ੍ਹਾਂ ਕੱਟੇ ਜਾਣ। ਉਸ ਕੋਲ ਕੱਟਣ ਲਈ ਕੋਈ ਸੰਦ ਨਹੀਂ ਸੀ। ਉਹ ਟਪਲੂ ਬਾਂਦਰ ਜੋ ਲੋਹਾਰ ਦਾ ਕੰਮ ਕਰਦਾ ਸੀ ਕੋਲ ਗਈ। ਉਸ ਨੇ ਟਪਲੂ ਬਾਂਦਰ ਨੂੰ ਕਿਹਾ ਕਿ ਮੈਂ ਬਾਂਸ ਕੱਟਣੇ ਹਨ ਜਿਸ ਲਈ ਮੈਨੂੰ ਕੁਲਹਾੜੀ ਚਾਹੀਦੀ ਹੈ, ਕੀ ਤੂੰ ਦੇ ਦੇਵੇਂਗਾ? ਟਪਲੂ ਬੋਲਿਆ, ਬਾਂਸ ਕੱਟ ਕੇ ਕੀ ਕਰੇਂਗੀ? ਤਾਂ ਲੂੰਬੜੀ ਮਾਸੀ ਨੇ ਕਿਹਾ ਕਿ ਮੈਂ ਬਾਸਾਂ ਨੂੰ ਕੱਟ ਕੇ ਪੌੜੀ ਬਣਾਵਾਂਗੀ ਤੇ ਪੌੜੀ ਲਗਾ ਕੇ ਆਪਣੇ ਬਗੀਚੇ ਵਿਚੋਂ ਅੰਗੂਰ ਤੋੜਨੇ ਹਨ। ਟਪਲੂ ਬਾਂਦਰ ਨੇ ਕਿਹਾ ਕਿ ਮੇਰੀ ਵੀ ਇਕ ਸ਼ਰਤ ਹੈ ਕਿ ਮੈਂ ਵੀ ਅੰਗੂਰ ਖਾਵਾਂਗਾ। ਉਸ ਨੇ ਕਿਹਾ – ਜਰੂਰ ਭਰਾ, ਜਿੰਨੇ ਮਰਜੀ ਖਾ ਲਵੀਂ। ਲੂੰਬੜੀ ਮਾਸੀ ਨੇ ਟਪਲੂ ਤੋਂ ਕੁਲਹਾੜੀ ਲਈ ਤੇ ਬਾਂਸ ਦੇ ਦਰੱਖਤ ਕੋਲ ਜਾ ਕੇ ਬਾਂਸ ਕੱਟਣ ਲੱਗੀ।

ਲੂੰਬੜੀ ਮਾਸੀ ਨੇ ਬਾਂਸ ਕੱਟ ਲਏ ਅਤੇ ਹੁਣ ਵਾਰੀ ਕਿ ਬਾਸਾਂ ਤੋਂ ਪੌੜੀ ਕਿਵੇਂ ਬਣਾਈ ਜਾਵੇ। ਸੋਨੂੰ ਖਰਗੋਸ਼ ਜੋ ਤਰਖਾਣ ਦਾ ਕੰਮ ਕਰਦਾ ਸੀ ਉਸ ਨੂੰ






ਯਾਦ ਆ ਗਿਆ। ਉਹ ਬਾਂਸ ਲੈ ਕੇ ਸੋਨੂੰ ਖਰਗੋਸ਼ ਕੋਲ ਗਈ ਅਤੇ ਉਸ ਨੂੰ ਪੌੜੀ ਬਣਾਉਣ ਲਈ ਕਿਹਾ। ਉਸ ਨੇ ਕਿਹਾ ਕਿ ਮਾਸੀ, ਪੌੜੀ ਕੀ ਕਰਨੀ ਹੈ ਬਣਾ ਕੇ? ਲੂੰਬੜੀ ਨੇ ਫਿਰ ਉਹੀ ਜਵਾਬ ਦਿੱਤਾ ਕਿ ਮੇਰੇ ਬਗੀਚੇ ਵਿਚ ਬਹੁਤ ਸਾਰੇ ਅੰਗੂਰ ਲੱਗੇ ਹਨ ਉਹ ਤੋੜਨੇ ਹਨ। ਸੋਨੂੰ ਦੇ ਵੀ ਮੂੰਹ ਚ ਪਾਣੀ ਆ ਗਿਆ। ਉਸ ਨੇ ਕਿਹਾ – ਮਾਸੀ ਪੌੜੀ ਤਾਂ ਬਣਾ ਦੇਵਾਂਗਾ ਪਰ ਮੈਂ ਵੀ ਅੰਗੂਰ ਖਾਵਾਂਗਾ। ਲੂੰਬੜੀ ਮਾਸੀ ਨੇ ਕਿਹਾ – ਜ਼ਰੂਰ ਭਾਈ ਜਿੰਨੇ ਮਰਜ ਖਾ ਲਵੀਂ।

ਸੋਨੂੰ ਨੇ ਪੌੜੀ ਬਣਾ ਕੇ ਲੂੰਬੜੀ ਮਾਸੀ ਨੂੰ ਦੇ ਦਿੱਤੀ। ਲੂੰਬੜੀ ਮਾਸੀ ਨੇ ਉਹ ਪੌੜੀ ਉਸ ਦਰਖੱਤ ਉਤੇ ਲਗਾਈ ਜਿਸ ਉਤੇ ਅੰਗੂਰ ਲੱਗੇ ਸਨ। ਹੁਣ ਉਹ ਫਿਰ ਸੋਚ ਰਹੀ ਸੀ ਕਿ ਅੰਗੂਰ ਕੌਣ ਤੋੜੇਗਾ ਉਦੋਂ ਹੀ ਲੂੰਬੜੀ ਨੇ ਝਮਲੂ ਲੂੰਬੜ ਨੂੰ ਜਾਂਦੇ ਦੇਖਿਆ ਤੇ ਕਿਹਾ, ਝਮਲੂ ਆ ਮੇਰੇ ਅੰਗੂਰ ਤਾਂ ਤੋੜ ਜਾ ਜਾਂਦਾ-ਜਾਂਦਾ। ਉਸ ਦੇ ਵੀ ਮੂੰਹ ਚ ਪਾਣੀ ਆ ਗਿਆ ਜਦੋਂ ਉਸ ਨੇ ਅੰਗੂਰਾਂ ਵੱਲ ਦੇਖਿਆ। ਉਹ ਜਲਦੀ ਨਾਲ ਪੌੜੀ ਉਤੇ ਚੜ ਗਿਆ। ਉਸ ਨੇ ਅੰਗੂਰ ਤੋੜ ਕੇ ਸਭ ਤੋਂ ਪਹਿਲਾਂ ਆਪਣੇ ਮੂੰਹ ਚ ਪਾਏ। ਝਮਲੂ ਲੂੰਬੜ ਨੇ ਅੰਗੂਰਾਂ ਦੇ ਢੇਰ ਲਾ ਦਿਤੇ। ਲੂੰਬੜੀ ਮਾਸੀ ਕੋਲ ਹੁਣ ਸਭ ਇਕੱਠੇ ਹੋ ਗਏ ਸਨ। ਟਪਲੂ ਬਾਂਦਰ, ਸੋਨੂੰ ਖਰਗੋਸ਼, ਝਮਲੂ ਲੂੰਬੜ ਸਭ ਨੇ ਪੇਟ ਭਰ ਕੇ ਅੰਗੂਰ ਖਾਧੇ। ਥੋੜੇ ਉਹਨਾਂ ਨੇ ਬਾਂਸ ਦੇ ਦਰਖਤ ਨੂੰ ਵੀ ਦਿੱਤੇ। ਸਾਰੇ ਕਹਿ ਰਹੇ ਸਨ ਕਿ ਅੰਗੂਰ ਬਹੁਤ ਮਿਠੇ ਹਨ – ਅੰਗੂਰ ਬਹੁਤ ਮਿਠੇ ਹਨ ਤਾਂ ਲੂੰਬੜੀ ਮਾਸੀ ਨੇ ਕਿਹਾ, ਕਿ ਮਿਠੇ ਤਾਂ ਹੋਣੇ ਹੀ ਸੀ ਕਿਉਂਕਿ ਇਹਨਾਂ ਨੂੰ ਤੋੜਨ ਵਿਚ ਸਭ ਨੇ ਮਿਹਨਤ ਕੀਤੀ ਹੈ। ਇਸ ਲਈ ਜੋ ਮਿਹਨਤ ਦਾ ਫਲ ਹੈ ਉਹ ਹਮੇਸ਼ਾ ਮਿੱਠਾ ਹੁੰਦਾ ਹੈ।

–ਬੱਲੂ ਰਿੱਛ ਦੀ ਕਹਾਣੀ ਸੁਣ ਕੇ ਸਾਰੇ ਖੁਸ਼ ਹੋ ਗਏ ਅਤੇ ਸਾਰੇ ਜਾਨਵਰਾਂ ਦੇ ਬੱਚਿਆਂ ਦੇ ਮੂੰਹ ਵਿਚ ਪਾਣੀ ਆ ਗਿਆ ਸੀ। ਫਿਰ ਸਭ ਆਪਣੇ-ਆਪਣੇ ਘਰ ਚਲੇ ਗਏ।



# ਕਦੇ ਨਾ ਭੁੱਲੋ

- ਜਿੱਥੇ ਅਸੀਂ ਦੁਨਿਆਵੀ ਲੋਕਾਂ ਨੂੰ ਮਿਸ਼ਨ ਨਾਲ ਜੋੜਨ ਦਾ ਕੰਮ ਕਰੀਏ ਉਥੇ ਜੋ ਮਹਾਂਪੁਰਸ਼ ਸੰਗਤ ਤੋਂ ਪਿੱਛੇ ਹੱਟ ਗਏ ਹਨ, ਉਹਨਾਂ ਨੂੰ ਪਿਆਰ ਨਾਲ ਮਿਲੀਏ, ਉਹਨਾਂ ਦੀ ਸਮੱਸਿਆ ਪੁੱਛੀਏ ਅਤੇ ਉਹਨਾਂ ਨੂੰ ਦੁਬਾਰਾ ਸੰਗਤ ਨਾਲ ਜੋੜਨ ਦਾ ਯਤਨ ਕਰੀਏ।
- ਕੁਝ ਵੀ ਹੋਵੇ ਸਿਰਫ ਪਿਆਰ ਹੀ ਪਿਆਰ ਹੋਵੇ।
- ਬਾਬਾ ਜੀ ਦੀ ਸਿਖਿਆ ਨੂੰ ਜੀਵਨ ਵਿਚ ਅਪਨਾਉਣ ਦੀ ਕੋਸ਼ਿਸ਼ ਕਰੋ।

– (ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ)

- ਅਸੀਂ ਮਹਾਪੁਰਸ਼ਾਂ ਦਾ ਨਾਂ ਲੈਂਦੇ ਹਾਂ। ਉਹਨਾਂ ਦੀ ਪੂਜਾ ਕਰਦੇ ਹਾਂ। ਅਸੀਂ ਉਹਨਾਂ ਨੂੰ ਮੰਨਣ ਦੇ ਨਾਲ ਨਾਲ ਉਹਨਾਂ ਦੀ ਗੱਲ ਵੀ ਮੰਨਣੀ ਹੈ।
- ਜੇਕਰ ਅਸੀਂ ਕਿਸੇ ਨੂੰ ਮਰਦਾ ਕੁਚਲਦਾ ਹੋਇਆ ਵੇਖ ਕੇ ਖੁਸ਼ ਹੁੰਦੇ ਹਾਂ ਤਾਂ ਅਸੀਂ ਧਾਰਮਿਕ ਨਹੀਂ ਹਾਂ।
- ਪਰਮਾਤਮਾ ਨੂੰ ਰਿਝਾਉਣਾ ਤਾਂ ਹੀ ਸੰਭਵ ਹੈ ਜਦ ਅਸੀਂ ਇਨਸਾਨਾਂ ਨੂੰ ਵੀ ਅਪਨਾਈਏ।
- ਵਿਦਿਆ ਦੇ ਨਾਲ ਜੀਵਨ ਦਾ ਆਦਰਸ਼ ਉਚੱਾ ਨਾ ਹੋਇਆ ਤਾਂ ਪੜ੍ਹਨਾ ਵਿਅਰਥ ਹੈ।
- ਸਹਿਨਸ਼ੀਲਤਾ ਭਗਤ ਦਾ ਸਭ ਤੋਂ ਚੰਗਾ ਗੁਣ ਹੈ।
- ਜਿਸ ਵਿਚ ਦਾਸ ਭਾਵਨਾ ਹੈ, ਧਰਮ ਦੇ ਖੇਤਰ ਵਿਚ ਉਹੀ ਉਚੱਾ ਮੰਨਿਆ ਜਾਂਦਾ ਹੈ।
- ਮਹਾਪੁਰਸ਼ਾਂ ਦੀਆਂ ਸਿਖਿਆਵਾਂ ਨੂੰ ਜੇਕਰ ਅਸੀਂ ਅਪਨਾਈਏ ਤਾਂ ਸਾਡੇ ਵਿਚਾਰ ਸੁੰਦਰ ਬਣਨਗੇ ਅਤੇ ਅਸੀਂ ਸੁਖ ਤੇ ਖੁਸ਼ੀ ਮਹਿਸੂਸ ਕਰਾਂਗੇ।

– (ਬਾਬਾ ਹਰਦੇਵ ਸਿੰਘ ਜੀ ਮਹਾਰਾਜ)

- ਜੇ ਕੋਈ ਗੁਰੂ ਘਰ ਦੇ ਪੈਸੇ ਨੂੰ ਆਪਣੀ ਜੇਬ ਵਿਚ ਪਾਉਂਦਾ ਹੈ ਤਾਂ ਉਸ ਦੇ ਆਪਣੇ ਪੈਸੇ ਵੀ ਹੌਲੀ ਹੌਲੀ ਖਤਮ ਹੋ ਜਾਂਦੇ ਹਨ ਅਤੇ ਜੇਬ ਖਾਲੀ ਹੋ ਜਾਂਦੀ ਹੈ।

– (ਬਾਬਾ ਅਵਤਾਰ ਸਿੰਘ ਜੀ)

- ਮਹਾਨ ਉਹ ਹੀ ਹੈ ਜੋ ਮਹਾਨ ਗੁਰੂਆਂ – ਅਵਤਾਰਾਂ ਦੇ ਆਦੇਸ਼ ਉਪਦੇਸ਼ ਆਪਣੇ ਜੀਵਨ ਵਿਚ ਢਾਲਦਾ ਹੈ।

– (ਬਾਬਾ ਗੁਰਬਚਨ ਸਿੰਘ ਜੀ)

- ਇਸ ਸੰਸਾਰ ਵਿਚ ਨਫਰਤ ਕੇਵਲ ਪ੍ਰੇਮ ਨਾਲ ਹੀ ਮਿਟਦੀ ਹੈ, ਨਫਰਤ ਨਾਲ ਨਹੀਂ।

– (ਭਗਵਾਨ ਬੁੱਧ)

- ਜੇਕਰ ਸਾਡੀ ਭਾਵਨਾ ਸਹੀ ਨਹੀਂ ਤਾਂ ਸਾਡੇ ਨਿਰਣੇ ਜਰੂਰ ਗਲਤ ਹੋਣਗੇ।

– (ਹੈਜ਼ਲਿਟ)

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ



# ਮਾਂ ਹੁੰਦੀ ਏ ਮਾਂ

❑ ਬਲਵਿੰਦਰ ਬਾਲਮ

ਰਜਨੀ ਦਾ ਪਤੀ ਇਕ ਉੱਚ ਅਧਿਕਾਰੀ ਸੀ। ਉਹ ਸ਼ਾਦੀ ਤੋਂ ਦਸ ਸਾਲ ਬਾਅਦ ਹੀ ਪਰਮਾਤਮਾ ਨੂੰ ਪਿਆਰਾ ਹੋ ਗਿਆ। ਉੱਚ ਅਧਿਕਾਰੀ ਹੋਣ ਦੇ ਨਾਤੇ ਘਰ ਦਾ ਵਾਤਾਵਰਣ, ਰਹਿਣ-ਸਹਿਣ ਉੱਚ ਦਰਜੇ ਦਾ ਸੀ। ਰਜਨੀ ਪੜ੍ਹੀ ਲਿਖੀ ਤਾਂ ਸੀ ਪਰ ਉਸ ਨੇ ਕੋਈ ਨੌਕਰੀ ਨਹੀ ਸੀ ਕੀਤੀ।

ਰਜਨੀ ਦਾ ਅੱਠ ਸਾਲ ਦਾ ਇਕ ਲੜਕਾ ਸੀ ਰਾਜੇਸ਼। ਉਹ ਆਪਣੇ ਪੁੱਤਰ ਦੀ ਸੁੱਖ-ਸੁਵਿਧਾ ਲਈ ਤਨ-ਮਨ-ਧਨ ਤੋਂ ਕੁਰਬਾਨ ਸੀ। ਉਸਨੇ ਇਕ ਪ੍ਰਾਈਵੇਟ ਕਾਲਿਜ ਵਿਚ ਨੌਕਰੀ ਕਰ ਲਈ ਸੀ। ਇਕ ਮਾਂ ਦੇ ਫਰਜ਼ ਹੀ ਨਹੀਂ ਬਲਕਿ ਬਾਪ ਦੇ ਫਰਜ਼ ਵੀ ਈਮਾਨਦਾਰੀ ਨਾਲ ਨਿਭਾਉਂਦੀ ਸੀ।

ਰਾਜੇਸ਼ ਉੱਚ ਪੜ੍ਹਾਈ ਹਾਸਿਲ ਕਰਕੇ ਇਕ ਉੱਚ ਸਰਕਾਰੀ ਪਦ ਦੇ ਫਰਜ਼ ਨਿਭਾ ਰਿਹਾ ਸੀ। ਰਜਨੀ ਨੇ ਆਪਣੇ ਪੁੱਤਰ ਦੀ ਸ਼ਾਦੀ ਧੂਮਧਾਮ ਨਾਲ ਨੇਪਰੇ ਚਾੜ੍ਹੀ ਸੀ। ਰਾਜੇਸ਼ ਦੀ ਪਤਨੀ ਸੁੰਦਰ ਤੇ ਸੁਸ਼ੀਲ ਸੀ। ਉਹ ਵੀ ਸਰਕਾਰੀ ਮੁਲਾਜ਼ਿਮ ਸੀ। ਲਗਭਗ ਇਕ ਸਾਲ ਦੇ ਬਾਅਦ ਰਜਨੀ ਦੇ ਆਂਗਨ ਵਿਚ ਪੋਤੇ ਦੇ ਜਨਮ ਲੈਣ ਤੇ ਰਜਨੀ ਖੁਸ਼ੀ ਨਾਲ ਪਰਮਾਤਮਾ ਦਾ ਸ਼ੁਕਰ ਕਰਦੀ ਸੀ। ਉਸਨੇ ਆਪਣੇ ਪੋਤੇ ਦਾ ਨਾਂ ਰਵੀ ਰੱਖਿਆ। ਰਵੀ ਦੇ ਅਰਥ ਸੂਰਜ, ਰੋਸ਼ਨੀ, ਉਸਦੇ ਜੀਵਨ ਵਿਚ ਸਵੇਰਾ ਹੀ ਸਵੇਰਾ ਦਸਤਕ ਦੇ ਰਿਹਾ ਸੀ।

ਸਮਾਂ ਦੌੜਦਾ ਚਲਾ ਗਿਆ। ਰਜਨੀ ਦਾ ਪੋਤਾ ਲਗਭਗ ਦਸ ਸਾਲਾਂ ਦਾ ਹੋ ਗਿਆ ਸੀ। ਉਹ ਪੋਤਰੇ ਦੀ ਹਰ ਖਾਹਿਸ਼ ਤੋਂ ਕੁਰਬਾਨ ਸੀ। ਨੂੰਹ-ਪੁੱਤ ਦੀ ਇਕ ਸੇਵਿਕਾ ਵਾਂਗੂ ਸਾਰੇ ਕੰਮ ਕਰਦੀ ਹੋਈ ਖੁਸ਼ੀ ਦੀ ਮੰਜ਼ਿਲ ਵੱਲ ਵਧਦੀ ਚਲੀ ਜਾਂਦੀ ਜਿਵੇਂ ਉਸਦੀ ਇਕ ਜੰਨਤ ਹੋਵੇ।

ਰਜਨੀ ਰਿਟਾਇਰ ਹੋ ਗਈ। ਉਹ ਬਜ਼ੁਰਗ ਹੋਣ ਦੇ ਬਾਵਜੂਦ ਵੀ ਘਰ-ਬਾਹਰ ਦੇ ਕੰਮਾਂ ਕਾਰਾਂ ਵਿਚ ਹੱਥ ਵਟਾਉਂਦੀ ਨਾ ਥੱਕਦੀ।

ਉਸਨੇ ਆਪਣੀ ਰਿਟਾਇਰ ਹੋਣ ਦੇ ਮੌਕੇ ਮਿਲੇ ਬਕਾਏ ਦੀ ਧਨਰਾਸ਼ੀ ਰਾਜੇਸ਼ ਦੇ ਨਾਮ ਕਰਵਾ ਦਿੱਤੀ ਸੀ।

ਰਜਨੀ ਹੁਣ ਲਗਭਗ 65 ਸਾਲਾਂ ਤੋਂ ਉਪਰ ਜੀਵਨ ਦੀਆਂ ਪੌੜੀਆਂ ਪਾਰ ਕਰ ਚੁਕੀ ਸੀ। ਉਸ ਨੂੰ ਕਈ ਬੀਮਾਰੀਆਂ ਨੇ ਘੇਰ ਲਿਆ ਸੀ। ਹੁਣ ਉਸ ਨੂੰ ਚਲਣਾ ਵੀ ਮੁਸ਼ਕਿਲ ਲਗਦਾ। ਆਸਰਾ ਭਾਲ ਕੇ ਹੀ ਚਲਦੀ। ਮੰਜੀ ਦਾ ਆਸਰਾ ਹੀ ਉਸ ਦੀ ਜ਼ਿੰਦਗੀ ਬਣ ਗਿਆ।

ਇਕ ਦਿਨ ਰਾਜੇਸ਼ ਦੀ ਪਤਨੀ ਉਸ ਨੂੰ ਬੜੇ ਪਿਆਰ ਤੇ ਹਲੀਮੀ ਨਾਲ ਕਹਿਣ ਲੱਗੀ – ਮੈਂ ਕਿਹਾ ਜੀ, ਮਾਤਾ ਜੀ ਸਾਰਾ ਦਿਨ ਖਊਂ-ਖਊਂ ਕਰਦੇ ਰਹਿੰਦੇ ਹਨ। ਕਈ ਬੀਮਾਰੀਆਂ ਹਨ। ਰਵੀ ਉਹਨਾਂ ਨਾਲ ਹੀ ਖੇਡਦਾ ਰਹਿੰਦਾ ਹੈ। ਉਹ ਰਵੀ ਨੂੰ ਬਾਰ-ਬਾਰ ਚੁੰਮਦੇ ਰਹਿੰਦੇ ਹਨ, ਇਹ ਠੀਕ ਨਹੀ। ਮੇਰਾ ਇਸ਼ਾਰਾ ਤੁਸੀਂ ਸਮਝ ਹੀ ਗਏ ਹੋਵੋਗੇ, ਅਸੀ ਦੋਵੇਂ ਡਿਊਟੀ ਤੇ ਚਲੇ ਜਾਂਦੇ ਹਾਂ। ਰਵੀ ਸਕੂਲ ਚਲਿਆ ਜਾਂਦਾ ਹੈ। ਥੱਕੇ-ਟੁੱਟੇ ਆ ਕੇ ਮਾਤਾ ਜੀ ਨੂੰ ਸੰਭਾਲਣਾ ਕਿੰਨਾਂ ਔਖਾ ਹੁੰਦਾ ਹੈ। ਬੰਦੇ ਦੇ ਕੁਝ ਆਪਣੇ ਵੀ ਮਨੋਰੰਜਨ ਹੁੰਦੇ ਹਨ। ਅੱਜਕਲ੍ਹ ਨੌਕਰ ਰੱਖਣੇ ਤਾਂ ਠੀਕ ਨਹੀਂ ਹਨ। ਪੈਸੇ ਬੜੇ ਮੰਗਦੇ ਨੇ। ਮੈਂ ਤਾਂ ਕਹਿੰਦੀ ਹਾਂ ਮਾਤਾ ਜੀ ਨੂੰ ਬਿਰਧ-ਆਸ਼ਰਮ ਵਿਚ ਛੱਡ ਆਈਏ। ਉਥੇ ਇਹਨਾਂ ਦੀ ਦੇਖਭਾਲ ਵੀ ਠੀਕ ਹੋਵੇਗੀ ਤੇ ਅਸੀ ਵੀ ਸੁਰਖਰੂ। ਆਇਆ ਗਿਆ ਆਸਾਨੀ ਨਾਲ ਰਹਿ ਸਕਦਾ ਏ। ਉਥੇ ਇਹਨਾਂ ਦਾ ਜੀਅ ਵੀ ਲੱਗਾ ਰਹੇਗਾ।''

ਪਰ, ਮੇਰੀ ਗੱਲ ਸੁਣ, ਜਿਸ ਮਾਂ ਨੇ ਅਨੇਕਾਂ ਦੁਖ-ਤਕਲੀਫਾਂ ਝੱਲ ਕੇ ਸਾਨੂੰ ਇਥੋਂ ਤੱਕ ਪਹੁੰਚਾਇਆ। ਹੁਣ ਉਸ ਨੂੰ ਇਸ ਉਮਰ ਵਿਚ ਆਸ਼ਰਮ ਵਿਚ ਛੱਡ ਆਈਏ, ਕੋਈ ਚੰਗੀ ਗੱਲ ਨਹੀਂ। ਰਿਸ਼ਤੇਦਾਰ ਕੀ ਕਹਿਣਗੇ? ਪੋਤਰੇ ਨਾਲ ਉਸਦਾ ਬੜਾ ਮੋਹ ਹੈ। ਉਸ ਦੇ ਬਾਝੋਂ ਤਾਂ ਉਹ ਮਰ ਜਾਏਗੀ। ਮਾਂ ਨੂੰ ਆਸ਼ਰਮ ਵਿਚ ਭੇਜਣਾ ਠੀਕ ਨਹੀਂ। ਆਖਿਰ ਪਤਨੀ ਨੇ ਏਨਾ ਮਜਬੂਰ ਕਰ ਦਿੱਤਾ ਕਿ ਰਾਜੇਸ਼ ਨੂੰ ਸਾਰੇ ਹਥਿਆਰ ਸੁੱਟਣੇ ਪਏ।

ਇਕ ਦਿਨ ਰਾਜੇਸ਼ ਸ਼ਾਮ ਨੂੰ ਬੈਡੋਂ ਤੇ ਸਿਰਾਹਣੇ ਦੀ ਢਾਰਸ ਲੈ ਕੇ ਬੈਠੀ ਮਾਂ ਦੇ ਕੋਲ ਜਾ ਬੈਠਾ। ਮਾਂ ਨੂੰ ਕਹਿਣ ਲੱਗਾ – ਮਾਂ , ਇਕ ਗੱਲ ਕਰਨੀ ਹੈ?''

ਹਾਂ ਪੁੱਤ ਦੱਸ, ਕਿਹੜੀ ਗੱਲ ਏ?

ਮਾਂ, ਕੀ ਦੱਸਾਂ?

ਦੱਸ ਨਾ ਮੇਰਾ ਪੁੱਤ, ਖੁੱਲ ਕੇ ਗੱਲ ਕਰ, ਡਰਦਾ-ਡਰਦਾ ਗੱਲ ਕਿਉਂ ਕਰ ਰਿਹਾ ਏਂ ਮੇਰਾ ਪੁੱਤ ! ਅੱਜ ਤਕ ਤੂੰ ਇਸ ਘਬਰਾਹਟ ਵਿਚ ਮੇਰੇ ਨਾਲ ਕਦੀ ਗੱਲ ਨਹੀ ਕੀਤੀ। ਮੈਂ ਤੇਰੀ ਹਰ ਸ਼ਰਤ ਪੂਰੀ ਕਰਾਂਗੀ। ਆਖਿਰ ਗੱਲ ਕੀ ਹੈ ਕਿ ਜਿਸ ਨੂੰ ਤੂੰ ਐਨਾ ਲਮਕਾ ਕੇ ਕਰ ਰਿਹਾ ਏਂ?

ਉਪਰੋਂ ਉਸ ਦੀ ਪਤਨੀ ਆ ਗਈ ਤੇ ਦਲੇਰੀ ਨਾਲ ਕਿਹਾ, ਮਾਂ ਜੀ , ਦਰਅਸਲ ਗੱਲ ਇਹ ਹੈ ਕਿ ਅਸੀ ਚਾਹੁੰਦੇ ਹਾਂ ਕਿ ਤੁਸੀਂ ਬਿਰਧ-ਆਸ਼ਰਮ ਵਿਚ ਚਲੇ ਜਾਓ। ਉਥੇ ਤੁਹਾਡੀ ਦੇਖਭਾਲ ਵੀ ਪੂਰੀ ਹੋਵੇਗੀ, ਖਰਚਾ ਤਾਂ ਅਸੀ ਦਿੰਦੇ ਹੀ ਹਾਂ। ਘਰ ਵਿਚ ਤੁਹਾਡੀ ਦੇਖਭਾਲ ਕਰਨੀ ਮੁਸ਼ਕਿਲ ਹੁੰਦੀ ਹੈ। ਰਿਸ਼ਤੇਦਾਰਾਂ ਤੇ ਹੋਰ ਯਾਰਾਂ-ਦੋਸਤਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਅਸੀ ਤੁਹਾਨੂੰ ਉਥੇ ਮਿਲਣ-ਗਿਲਣ ਆਉਂਦੇ ਹੀ ਰਹਿਣਾ ਹੈ।

ਮਾਂ ਨੇ ਹੱਸਦੇ ਹੋਏ ਝੱਟ ਕਿਹਾ, – ਹਾਂ ਪੁੱਤ ਮੈਂ ਤਿਆਰ ਹਾਂ ਪੁੱਤਰ! ਇਹ ਮੈਂ ਵੀ ਸੋਚਦੀ ਹਾਂ, ਮਹਿਸੂਸ ਕਰਦੀ ਹਾਂ ਪੁੱਤ! ਤੁਸੀਂ ਮੈਨੂੰ ਆਸ਼ਰਮ ਵਿਚ ਛੱਡ ਆਓ ਪੁੱਤ ! ਮੈਨੂੰ ਕੋਈ ਇਤਰਾਜ਼ ਨਹੀਂ। ਤੁਸੀ ਬਿਲਕੁਲ ਠੀਕ ਕਹਿੰਦੇ ਹੋ।''

ਮਾਂ ਦੀਆਂ ਡਬ-ਡਬਾਈਆਂ ਅੱਖਾਂ ਚੋਂ ਜਿਵੇਂ ਧੂੰਆਂ ਨਿਕਲ ਗਿਆ ਹੋਵੇ। ਉਸ ਨੇ ਚੁਫੇਰੇ ਵੇਖਿਆ। ਨੂੰਹ ਪੁੱਤ ਨੂੰ ਵੇਖਿਆ ਗਹੁ ਨਾਲ। ਪੋਤਰੇ ਵੱਲ ਗਹੁ ਨਾਲ ਵੇਖਿਆ।

ਨੂੰਹ ਨੇ ਕਿਹਾ, ''ਮਾਂ ਜੀ ਅੱਜ ਸ਼ਨੀਵਾਰ ਹੈ ਅਤੇ ਸੋਮਵਾਰ ਅਸੀਂ ਤੁਹਾਨੂੰ ਬਿਰਧ-ਆਸ਼ਰਮ ਵਿਚ ਛੱਡ ਆਵਾਂਗੇ। ਤੁਹਾਡੀ ਤਿਆਰੀ ਵੀ ਕਰ ਦਿੰਦੇ ਹਾਂ।''

ਰਜਨੀ ਪਤੀ ਨੂੰ ਯਾਦ ਕਰਕੇ ਅੰਦਰੋ-ਅੰਦਰੀ ਭੁੱਬਾਂ ਮਾਰ-ਮਾਰ ਕੇ ਕਲੇਜੇ ਦੀਆਂ ਅੱਖਾਂ ਥਾਣੀ ਰੋ ਕੇ ਗੁੰਮ-ਸੁੰਮ ਹੋ ਗਈ ਸੀ। ਬੈਡੋਂ ਤੇ ਪਈ ਇਕੱਲੀ ਰਜਨੀ ਸੋਚ ਰਹੀ ਸੀ, ਕਾਸ਼ ! ਉਹ ਅੱਜ ਜ਼ਿੰਦਾ ਹੁੰਦੇ ਤਾਂ ਮੇਰੀ ਵਾਅ ਵੱਲ ਕੋਈ ਨਹੀ ਸੀ ਵੇਖ ਸਕਦਾ। ਇਹ ਘਰ ਮੇਰਾ ਹੋਣਾ ਸੀ ਜੋ ਅੱਜ ਮੇਰਾ ਨਹੀਂ। ਮੇਰਾ ਤਾਂ ਕੁਝ ਵੀ ਨਹੀਂ ਏ ਹੁਣ ਇਥੇ। ਉਹ ਮਨ ਹੀ ਮਨ ਸੋਚਣ ਲੱਗੀ ਕਿ ਨੂੰਹ ਪੁੱਤ ਤੋਂ ਤਾਂ ਦੂਰ ਹੋ ਸਕਦੀ ਹਾਂ ਪਰ ਪੋਤੇ ਤੋਂ ਦੂਰ ਹੋਣਾ ਤਾਂ ਇਕ ਮੌਤ ਹੈ। ਰਵੀ ਤੋਂ ਬਗੈਰ ਮੈਂ ਜ਼ਿੰਦਾ ਨਹੀ ਰਹਿ ਸਕਦੀ। ਰਵੀ ਮੇਰਾ ਦਿਨ ਵੀ, ਰਾਤ ਵੀ, ਦੁਪਹਿਰ ਵੀ। ਉਹ ਸੋਚਣ ਲੱਗੀ, ਪਰਮਾਤਮਾ ਕਿਹੜੇ ਜਨਮਾਂ ਦਾ ਬਦਲਾ ਲੈ ਰਿਹਾ ਮੈਥੋਂ। ਜੀਉਂਦੇ ਜੀਅ ਸਭ ਕੁਝ ਗਵਾਚ ਰਿਹਾ ਏ।

ਉਸ ਦੇ ਮਨ ਵਿਚ ਕਈ ਖਿਆਲ ਆਉਂਦੇ ਤੇ ਅਲੋਪ ਹੋ ਜਾਂਦੇ। ਜ਼ਿੰਦਗੀ ਦੇ ਕੀ ਅਰਥ ਹਨ? ਉਹ ਇਸ ਸੋਚ ਤੋਂ ਬਾਹਰ ਹੋ ਗਈ।

ਸੋਮਵਾਰ ਨੂੰ ਮਾਂ ਨੂੰ ਬਿਰਧ-ਆਸ਼ਰਮ ਵਿਚ ਛੱਡ ਆਏ। ਪੋਤਾ ਵੀ ਗੁੰਮ-ਸੁੰਮ ਸੀ ਜਿਵੇਂ ਉਸ ਦਾ ਕੀਮਤੀ ਖਿਡੌਣਾ ਗੁੰਮ ਹੋ ਗਿਆ ਹੋਵੇ। ਕੁਝ ਬੋਲ ਨਹੀਂ ਸੀ ਰਿਹਾ। ਉਸ ਨੇ ਆਪਣੀ ਮਾਂ ਨੂੰ ਕਿਹਾ ਸੀ, ਦਾਦੀ ਮਾਂ ਨੂੰ ਉਥੇ ਛੱਡ ਕੇ ਕਿਉਂ ਆਏ ਹੋ?'' ਤਾਂ ਮਾਂ ਨੇ ਉਸ ਦੇ ਮੂੰਹ ਤੇ ਇਕ ਚਪੇੜ ਮਾਰ ਦਿੱਤੀ ਸੀ। ਉਹ ਰੋ-ਰੋ ਕੇ ਚੁੱਪ ਹੋ ਗਿਆ।

ਦਾਦੀ ਮਾਂ ਦੇ ਜਾਣ ਨਾਲ ਜਿਵੇਂ ਉਸ ਦੀ ਦੁਨੀਆ ਹੀ ਲੁੱਟੀ ਗਈ ਹੋਵੇ, ਜਿਵੇਂ ਚਾਰੇ ਪਾਸੇ ਹਨੇਰਾ ਛਾ ਗਿਆ ਹੋਵੇ, ਜਿਵੇਂ ਉਸ ਦੇ ਹੱਥ ਪੈਰ ਸੁੰਨ ਹੋ ਗਏ ਹੋਣ, ਜਿਸਮ ਪੱਥਰ ਬਣ ਗਿਆ ਹੋਵੇ । ਉਦਾਸੀ ਉਸਦੇ ਜਿਸਮ ਦਾ ਹਿੱਸਾ ਬਣ ਗਈ ਸੀ।





ਰਜਨੀ ਨੇ ਬਿਰਧ-ਆਸ਼ਰਮ ਦੀ ਇੰਚਾਰਜ ਨੂੰ ਬੇਨਤੀ ਕੀਤੀ - ਮੈਂ ਆਪਣੇਂ ਪੁੱਤਰ ਨੂੰ ਮਿਲਣਾ ਚਾਹੁੰਦੀ ਹਾਂ। ਉਸ ਨੂੰ ਬੁਲਾਓ।''

ਰਜਨੀ ਦੇ ਪੁੱਤਰ ਨੂੰ ਫੋਨ ਤੇ ਸੰਦੇਸ਼ ਦਿੱਤਾ ਗਿਆ, ਕਿ ਤੁਹਾਡੀ ਮਾਂ ਸਖਤ ਬਿਮਾਰ ਹੈ, ਤੁਹਾਨੂੰ ਮਿਲਣਾ ਚਾਹੁੰਦੀ ਹੈ।

ਰਾਜੇਸ਼ ਨੇ ਕਿਹਾ - ਅੱਜ ਬੁਧਵਾਰ ਹੈ ਤੇ ਮੈਂ ਐਤਵਾਰ ਛੁੱਟੀ ਵਾਲੇ ਦਿਨ ਮਿਲਣ ਆਵਾਂਗਾ।

ਰਜਨੀ ਬਿਰਧ-ਆਸ਼ਰਮ ਵਿਚ ਰਹਿਣ ਲੱਗ ਪਈ। ਬਿਰਧ-ਆਸ਼ਰਮ ਵਿਚ ਸਵੇਰੇ-ਸ਼ਾਮ ਮੰਦਿਰ ਵਿਚ ਜਾਂਦੀ। ਆਪਣੇ ਪੋਤਰੇ ਦੇ ਦਰਸ਼ਨ ਕ੍ਰਿਸ਼ਨ ਭਗਵਾਨ ਵਿਚ ਕਰਨ ਲਈ ਕ੍ਰਿਸ਼ਨ ਭਗਵਾਨ ਨੂੰ ਚੁੰਮਦੀ, ਪਿਆਰ ਕਰਦੀ , ਵੇਖ ਵੇਖ ਰੋਂਦੀ, ਘੁੱਟ-ਘੁੱਟ ਕੇ ਗਲੇ ਲਗਾਉਂਦੀ। ਆਪਣੀਆਂ ਰੀਝਾਂ ਉਤਾਰਦੀ।

ਆਸ਼ਰਮ ਵਿਚ ਰਹਿ ਕੇ ਉਸ ਨੇ ਧਾਰਮਿਕ ਪ੍ਰਵਚਨ ਸ਼ੁਰੂ ਕਰ ਦਿੱਤੇ ਸਨ। ਪੜ੍ਹੀ-ਲਿਖੀ ਹੋਣ ਕਰਕੇ ਉਸ ਨੂੰ ਧਾਰਮਿਕ ਗਿਆਨ ਵੀ ਬਹੁਤ ਜ਼ਿਆਦਾ ਸੀ। ਸਾਰਾ ਆਸ਼ਰਮ ਉਸ ਦਾ ਸ਼ਰਧਾਲੂ ਬਣ ਗਿਆ ਸੀ। ਧਾਰਮਿਕ ਪ੍ਰਵਚਨ ਉਸ ਦਾ ਆਸਰਾ ਬਣ ਗਏ ਸਨ। ਕਿਸਮਤ ਨੂੰ ਕੋਸਣਾ ਛੱਡ ਕੇ ਉਸ ਨੇ ਰੱਬ ਨੂੰ ਹਿਰਦੇ ਵਿਚ ਵਸਾ ਲਿਆ ਸੀ। ਸਾਰੇ ਆਸ਼ਰਮ ਨੂੰ ਉਸਨੇ ਜੀਣ ਦੀ ਕਲਾ ਦੱਸ ਦਿੱਤੀ ਸੀ।

ਪਤੀ ਦੀ ਯਾਦ ਕਲੇਜੇ ਵਿਚ ਲੈ ਕੇ ਆਪਣੀ ਮੰਜਿਲ ਵੱਲ ਵੱਧਦੀ ਚਲੀ ਗਈ।

ਕਦੀ ਕਦਾਈ ਹੀ ਨੂੰਹ-ਪੁੱਤ ਤੇ ਪੋਤਰਾ ਮਿਲਣ ਆਉਂਦੇ ਸੀ। ਦਾਦੀ ਮਾਂ ਪੋਤੇ ਦੀਆਂ ਦੱਬੀਆਂ ਹੋਈਆਂ ਭਾਵਨਾਵਾਂ ਸਮਝਦੀ ਸੀ ਪਰ ਉਹ ਚੁੱਪ ਸੀ। ਪੋਤੇ ਤੋਂ ਦੂਰੀ ਬਣਾ ਕੇ ਰੱਖਦੀ ਸੀ, ਕਿਧਰੇ ਮੋਹ ਉਸ ਦੀ ਉਦਾਸੀ ਬਣ ਕੇ ਉਸ ਦੀ ਸਿਹਤ ਤੇ ਪੜ੍ਹਾਈ ਦਾ ਨੁਕਸਾਨ ਨਾ ਕਰ ਦੇਵੇ। ਜਦ ਪੋਤਾ ਚਲਿਆ ਜਾਂਦਾ ਤਾਂ ਉਹ ਇਕੱਲੀ ਬੈਠ ਕੇ ਰੋਂਦੀ ਰਹਿੰਦੀ ਤੇ ਫਿਰ ਖੁਦ ਨੂੰ ਹੌਸਲਾ ਦੇ ਕੇ ਆਪਣੀ ਸਾਰੀ ਟੁੱਟੀ ਹੋਈ ਹਿੰਮਤ ਨੂੰ ਇਕੱਠਾ ਕਰਕੇ ਇਕ ਝੂਠੀ ਤਸੱਲੀ ਵਿਚ ਉਤੱਰ ਜਾਂਦੀ।

ਇਸ ਤਰ੍ਹਾਂ ਬਿਰਧ-ਆਸ਼ਰਮ ਵਿਚ ਕੁਝ ਸਾਲ ਹੀ ਲੰਘੇ ਸਨ ਕਿ ਰਜਨੀ ਸਖਤ ਬਿਮਾਰ ਹੋ ਗਈ।

ਐਤਵਾਰ ਰਾਜੇਸ਼ ਇਕੱਲਾ ਹੀ ਮਾਂ ਨੂੰ ਮਿਲਣ ਗਿਆ। ਰਾਜੇਸ਼ ਨੇ ਮਾਂ ਨੂੰ ਦੇਖਦੇ ਹੋਏ ਕਿਹਾ - ਮਾਂ ਤੁਸੀ ਯਾਦ ਕੀਤਾ। ਸਿਹਤ ਤਾਂ ਠੀਕ ਹੈ ਨਾ?

ਹਾਂ ਪੁੱਤ, ਠੀਕ-ਠਾਕ ਹੀ ਹਾਂ।

ਮਾਂ ਨੇ ਕਿਹਾ - ਪੁੱਤਰ ਮੈਂ ਤੈਨੂੰ ਕੁਝ ਕਹਿਣਾ ਚਾਹੁੰਦੀ ਹਾਂ।''

ਹਾਂ, ਮਾਂ ਦੱਸੋ - ਪੁੱਤਰ ਨੇ ਕਿਹਾ ।

''ਪੁੱਤਰ, ਇਥੇ ਗਰਮੀ ਬਹੁਤ ਏ, ਇਥੇ ਏ.ਸੀ. ਲਗਵਾ ਦੇ, ਪੱਖੇ ਦੀ ਹਵਾ ਬਹੁਤ ਗਰਮ ਹੁੰਦੀ ਹੈ, ਇਥੇ ਰੋਟੀ ਠੰਢੀ ਮਿਲਦੀ ਏ, ਇਕ ਓਵਨ ਲਿਆ ਦੇ, ਖਾਣਾ ਠੰਢਾ ਹੋਣ ਕਰਕੇ ਕਈ ਵਾਰੀ ਮੈਨੂੰ ਭੁੱਖਿਆਂ ਸੌਣਾ ਪੈਂਦਾ ਏ, ਪੁੱਤਰ ,ਇਥੇ ਗਰਮ ਪਾਣੀ ਪੀਣ ਨੂੰ ਮਿਲਦਾ ਏ, ਕੋਈ ਛੋਟੀ-ਮੋਟੀ ਫਰਿਜ਼ ਲਿਆ ਦੇ, ਇਥੇ ਬੈਡੱ ਪੁਰਾਣੇ ਹਨ, ਨੀਂਦ ਨਹੀਂ ਆਉਂਦੀ। ਪੁੱਤਰ ਇਹ ਸਭ ਚੀਜ਼ਾਂ ਲਿਆ ਦੇ।''

ਰਾਜੇਸ਼ ਮਾਂ ਦੀਆਂ ਗੱਲਾਂ ਸੁਣ ਕੇ ਹੈਰਾਨੀ ਤੇ ਪਰੇਸ਼ਾਨੀ ਵਿਚ ਮਾਂ ਨੂੰ ਕਹਿਣ ਲੱਗਾ - ਮਾਂ, ਕਈਆਂ ਸਾਲਾਂ ਤੋਂ ਤੂੰ ਇਥੇ ਰਹਿ ਰਹੀ ਏਂ, ਤੂੰ ਕਦੀ ਵੀ ਇਨ੍ਹਾਂ ਚੀਜ਼ਾਂ ਦੀ ਪਹਿਲਾਂ ਡੀਮਾਂਡ ਨਹੀ ਕੀਤੀ, ਪਰ ਹੁਣ ਜਦ ਕਿ ਤੂੰ ਅੰਤਿਮ ਸਵਾਸਾਂ ਵਿਚ ਹੈ ਤਾਂ ਇਨ੍ਹਾਂ ਚੀਜ਼ਾਂ ਲਈ ਲਾਲਸਾ ਕਿਉਂ ?

ਮਾਂ ਨੇ ਕਿਹਾ ਪੁੱਤਰ, ਇਹ ਗੱਲ ਨਹੀ ਹੈ, ਇਥੇ ਤਕਲੀਫ਼ਾਂ ਬਹੁਤ ਨੇ। ਮੈਨੂੰ ਤੇਰਾ ਖਿਆਲ ਹੈ, ਕਿਉਂਕਿ ਤੇਰੇ ਬੱਚਿਆਂ ਨੇ ਵੀ ਕੱਲ ਨੂੰ ਤੈਨੂੰ ਇਥੇ ਛੱਡਣ ਆਉਣਾ ਏ। ਤੈਨੂੰ ਕੋਈ ਤਕਲੀਫ ਨਾ ਹੋਏ ਪੁੱਤਰ !




# ਦਾਦਾ ਜੀ


ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ







ਇਕ ਵਾਰ ਉਹ ਕਿਤੇ ਜਾ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਜਾਮੁਨਾਂ ਦੇ ਰੁੱਖ ਕਾਲੇ-ਕਾਲੇ ਜਾਮੁਨਾਂ ਨਾਲ ਭਰੇ ਹੋਏ ਸਨ। ਜਿਸ ਨੂੰ ਵੇਖ ਕੇ ਖਰਗੋਸ਼ ਦੇ ਮੂੰਹ ਚ ਪਾਣੀ ਆ ਗਿਆ।
ਇਕ ਵੱਡੇ ਜਾਮੁਨ ਦੇ ਰੁੱਖ ਤੇ ਉਸ ਨੂੰ ਤੋਤਿਆਂ ਦਾ ਇਕ ਝੁੰਡ ਜਾਮੁਨ ਖਾਂਦਾ ਦਿਖਾਈ ਦਿੱਤਾ।
ਪਿਆਰੇ ਪੁੱਤਰੋ ! ਮੇਰੇ ਲਈ ਵੀ ਕੁਝ ਜਾਮੁਨ ਸੁੱਟ ਦਿਉ।
ਉਹਨਾਂ ਤੋਤਿਆਂ ਵਿਚ ਮਿੱਠੂ ਨਾਂ ਦਾ ਤੋਤਾ ਬਹੁਤ ਸ਼ਰਾਰਤੀ ਅਤੇ ਚੰਚਲ ਸੀ।
ਦਾਦਾ ਜੀ ਇਹ ਤਾਂ ਦੱਸੋ ਤੁਸੀਂ ਗਰਮ ਜਾਮੁਨ ਖਾਉਗੇ ਜਾਂ ਠੰਡੇ?



ਬੁੱਢਾ ਖਰਗੋਸ਼ ਹੈਰਾਨ ਹੋ ਕੇ ਕਹਿਣ ਲੱਗਾ - ਜਾਮੁਨ ਵੀ ਕਦੇ ਗਰਮ ਹੁੰਦੇ ਹਨ? ਚਲੋ ਮੇਰੇ ਨਾਲ ਮਜ਼ਾਕ ਨਾ ਕਰੋ। ਮੈਨੂੰ ਥੋੜੇ ਜਿਹੇ ਜਾਮੁਨ ਦੇ ਦਿਓ।
ਦਾਦਾ ਜੀ ! ਤੁਸੀਂ ਐਨੇ ਵੱਡੇ ਵਿਦਵਾਨ ਹੋ। ਤੁਹਾਨੂੰ ਇਹ ਵੀ ਨਹੀਂ ਪਤਾ ਜਾਮੁਨ ਗਰਮ ਵੀ ਹੁੰਦੇ ਹਨ ਅਤੇ ਠੰਡੇ ਵੀ। ਪਹਿਲਾਂ ਤੁਸੀਂ ਦੱਸੋ ਤੁਸੀਂ ਕਿਹੜੇ ਜਾਮੁਨ ਖਾਣੇ ਹਨ? ਇਹ ਜਾਨਣ ਤੋਂ ਬਿਨਾਂ ਅਸੀਂ ਤੁਹਾਨੂੰ ਕਿਵੇਂ ਜਾਮੁਨ ਦੇ ਦੇਈਏ?
ਬੁੱਢੇ ਅਤੇ ਵਿਦਵਾਨ ਦੀ ਸਮਝ ਵਿਚ ਨਹੀਂ ਆਇਆ ਕਿ ਜਾਮੁਨ ਗਰਮ ਕਿਵੇਂ ਹੁੰਦੇ ਹਨ? ਫਿਰ ਵੀ ਉਹ ਇਸ ਰਹੱਸ ਨੂੰ ਜਾਨਣਾ ਚਾਹੁੰਦਾ ਸੀ।
ਪੁੱਤਰ, ਤੁਸੀਂ ਮੈਨੂੰ ਗਰਮ ਜਾਮੁਨ ਹੀ ਖਿਲਾਓ ਠੰਡੇ ਮੈਂ ਬਹੁਤ ਖਾਧੇ ਹਨ।


ਨਿੱਕੇ ਮਿੱਠੂ ਨੇ ਬੁੱਢੇ ਖਰਗੋਸ਼ ਦੀ ਇਹ ਗੱਲ ਸੁਣ ਕੇ ਜਾਮੁਨ ਦੀ ਇਕ ਡਾਲੀ ਨੂੰ ਜ਼ੋਰ ਨਾਲ ਹਿਲਾਇਆ। ਪੱਕੇ ਪੱਕੇ ਜਾਮੁਨ ਥੱਲੇ ਮਿੱਟੀ ਵਿਚ ਡਿੱਗ ਗਏ। ਬੁੱਢਾ ਖਰਗੋਸ਼ ਉਹਨਾਂ ਨੂੰ ਚੁਕ ਕੇ ਫੂੰਕ ਮਾਰ ਕੇ ਖਾਣ ਲੱਗਾ।
ਪੁੱਤਰ? ਇਹ ਤਾਂ ਸਾਧਾਰਣ ਜਿਹੇ ਠੰਡੇ ਜਾਮੁਨ ਹਨ।''
''ਕੀ ਕਿਹਾ ਠੰਡੇ ਹਨ? ਤਾਂ ਫਿਰ ਤੁਸੀ ਇਸ ਨੂੰ ਫੂਕ ਫੂਕ ਕੇ ਕਿਉਂ ਖਾ ਰਹੇ ਹੋ? ਇਸ ਤਰ੍ਹਾਂ ਤਾਂ ਬਸ ਗਰਮ ਚੀਜਾਂ ਹੀ ਖਾਈਆਂ ਜਾਂਦੀਆਂ ਹਨ।
ਮਿੱਠੂ ਤੋਤੇ ਦੀ ਗੱਲ ਦਾ ਰਹੱਸ ਬੁੱਢੇ ਖਰਗੋਸ਼ ਦੀ ਸਮਝ ਵਿਚ ਆ ਗਿਆ ਸੀ ਅਤੇ ਉਹ ਬਹੁਤ ਸ਼ਰਮਿੰਦਾ ਹੋਇਆ। ਉਸ ਦਾ ਘਮੰਡ ਦੂਰ ਹੋ ਗਿਆ।

# ਬੁੱਧੀ ਦੀ ਪਰਖ

## ਅੰਤਰ ਪਛਾਣੋਂ - - -

ਦੋਹਾਂ ਚਿਤੱਰਾਂ ਵਿਚੋਂ
10 ਅੰਤਰ ਲੱਭੋ !



kids Nirankari
spiritual dreamland for kids

# Spiritual Zone for kids



With the blessings of His Holiness
Experience online spiritual learning
with exciting and fun features
highlights our mission's message.
Visit regularly to watch tiny tots
excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

| TAMIL | ORIYA | TELUGU | GUJRATI | KANNADA | BANGLA |
|---|---|---|---|---|---|
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047 | Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212 | Sant Nirankari Satsang Bhawan, 884,G.T. Road, Laxmipur-2 East Bardhman—713101 Ph. 0342-2657219 |

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)